Mazdoor Ekta Lehar .Vol. 7, No. 4 April 2015 Price Rs. 5

http://www.cgpi.org

**ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ**

# ਮਜ਼ਦੂਰ ਏਕਤਾ ਲਹਿਰ

**ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ**

ਜਿਲਦ 7, ਅੰਕ 4 ਮਾਸਕ — ਮੁੱਲ 5 ਰੁ ਅਪ੍ਰੈਲ 2015

### ਕੇਂਦਰੀ ਬੱਜਟ-2015:

## ਚੰਗੇ ਦਿਨ ਕਿਨ੍ਹਾਂ ਲਈ

ਕੇਂਦਰੀ ਬੱਜਟ 2015, ਜੋ 28 ਫਰਵਰੀ ਨੂੰ ਵਿੱਤ ਮੰਤਰੀ ਜੇਟਲੀ ਵੱਲੋਂ ਪੇਸ਼ ਕੀਤਾ ਗਿਆ ਸੀ, ਸਾਫ਼ ਦਿਖਾਉਂਦਾ ਹੈ ਕਿ ਭਾਜਪਾ ਦੀ ਰਾਜਗ ਸਰਕਾਰ ਦੀਆਂ ਆਰਥਕ ਨੀਤੀਆਂ, ਦਿਸ਼ਾ ਅਤੇ ਦਸ਼ਾ ਸਾਬਕਾ ਕਾਂਗਰਸ ਪਾਰਟੀ ਦੀ ਸਰਕਾਰ ਤੋਂ ਅਲੱਗ ਨਹੀਂ ਹੈ। 2014 ਵਿਚ, ਭਾਜਪਾ ਦੇ ਕੇਂਦਰ ਵਿਚ ਸੱਤਾ 'ਚ ਆਉਣ ਦੇ ਠੀਕ ਬਾਅਦ, ਮੋਦੀ ਸਰਕਾਰ ਨੇ ਜੋ ਬੱਜਟ ਪੇਸ਼ ਕੀਤਾ ਸੀ, ਉਹ ਵੀ ਫਰਵਰੀ 2014 ਵਿਚ ਸੰਪ੍ਰਗ ਸਰਕਾਰ ਵੱਲੋਂ ਪੇਸ਼ ਕੀਤੇ ਅੰਤਰਿਮ ਬੱਜਟ ਵਾਂਗ ਹੀ ਸੀ।

"ਸੱਭ ਦਾ ਸਾਥ, ਸੱਭ ਦਾ ਵਿਕਾਸ" ਇਸ ਨਾਅਰੇ ਨਾਲ, ਮੋਦੀ ਸਰਕਾਰ ਦੇ 2005 ਦੇ ਕੇਂਦਰੀ ਬੱਜਟ ਵਿਚ ਮਿਹਨਤਕਸ਼ਾਂ ਨੂੰ ਲੁੱਟ ਕੇ ਪੂੰਜੀਪਤੀਆਂ ਦੀਆਂ ਜੇਬਾਂ ਭਰਨ ਦਾ ਸਿਲਸਿਲਾ ਜਾਰੀ ਹੈ। ਸਾਬਕਾ ਕਾਂਗਰਸ ਸਰਕਾਰ ਦੀ ਤਰ੍ਹਾਂ, ਮੌਜੂਦਾ ਭਾਜਪਾ ਸਰਕਾਰ ਵੀ ਹਿੰਦੁਸਤਾਨੀ ਅਤੇ ਵਿਦੇਸ਼ੀ ਇਜ਼ਾਰੇਦਾਰ ਪੂੰਜੀਪਤੀਆਂ ਦੇ ਹਿੱਤਾਂ ਲਈ ਕੰਮ ਕਰ ਰਹੀ ਹੈ। 2015-16 ਦਾ ਕੇਂਦਰੀ ਬੱਜਟ ਸਰਬਜਨਕ ਸਿੱਖਿਆ, ਸਿਹਤ ਅਤੇ ਹੋਰ ਸਮਾਜਿਕ ਸੇਵਾਵਾਂ 'ਤੇ ਪਹਿਲਾਂ ਤੋਂ ਹੀ ਘੱਟ ਪੈਸੇ ਵਿਚ ਵੀ ਹੋਰ ਕਟੌਤੀ ਕਰਕੇ, ਨਿੱਜੀ ਕੰਪਨੀਆਂ ਦੇ ਵਿਸਤਾਰ ਲਈ ਜਗ੍ਹਾ ਵਧਾਉਣ ਦੀ ਕੋਸ਼ਿਸ਼ ਕਰਦਾ ਹੈ। ਨਾਲ ਦੇ ਨਾਲ, ਉਹ ਰੇਲ ਅਤੇ ਸੜਕ ਢਾਂਚੇ ਵਿਚ ਸਰਕਾਰੀ ਨਿਵੇਸ਼ ਨੂੰ ਵਧਾਉਣ ਦਾ ਟੀਚਾ ਰੱਖਦਾ ਹੈ ਤਾਂ ਕਿ ਦੇਸ਼ ਅੰਦਰ ਮਾਲ ਦੀ ਢੋਆ-ਢੁਆਈ ਦੀ ਕੀਮਤ ਘਟ ਜਾਵੇ। ਦੁਨੀਆਂ ਦੇ ਵੱਡੇ-ਵੱਡੇ ਪੂੰਜੀਪਤੀਆਂ ਨੂੰ ਹਿੰਦੁਸਤਾਨ ਵਿਚ ਪੂੰਜੀ ਲਗਾਉਣ ਲਈ ਆਕਰਸ਼ਤ ਕਰਨ ਦੀ ਇਸ ਨੂੰ ਇੱਕ ਜ਼ਰੂਰੀ ਸ਼ਰਤ ਮੰਨਿਆ ਜਾ ਰਿਹਾ ਹੈ।

ਬੱਜਟ ਦਾ ਮੁੱਖ ਟੀਚਾ ਹੈ ਹਿੰਦੁਸਤਾਨ ਨੂੰ ਦੇਸੀ-ਵਿਦੇਸ਼ੀ ਪੂੰਜੀਪਤੀਆਂ ਲਈ "ਪੂੰਜੀ ਨਿਵੇਸ਼-ਪ੍ਰਸਤ" ਬਣਾਉਣਾ। ਇਸ ਦਾ ਇਹ ਮਤਲਬ ਹੈ ਕਿ ਮੋਦੀ ਸਰਕਾਰ ਪੂੰਜੀਪਤੀਆਂ ਨੂੰ ਦੂਸਰੇ ਦੇਸ਼ਾਂ ਦੇ ਮੁਕਾਬਲੇ ਜਿੱਥੇ ਜ਼ਿਆਦਾ ਮੁਨਾਫਾ ਕਮਾਉਣ

ਬਾਕੀ ਸਫਾ 3 'ਤੇ

## ਦਿੱਲੀ 'ਚ ਕੌਮਾਂਤਰੀ ਇਸਤਰੀ ਦਿਵਸ ਮਨਾਇਆ ਗਿਆ

8 ਮਾਰਚ 2015 ਨੂੰ ਨਵੀਂ ਦਿੱਲੀ ਸਥਿਤ ਕਨਾਟ ਪਲੇਸ ਦੇ ਸੈਂਟਰਲ ਪਾਰਕ ਵਿੱਚ ਵਿਸ਼ਾਲ ਮਾਨਵ ਕੜੀ ਦਾ ਇੱਕ ਵਿਸ਼ਾਲ ਦ੍ਰਿਸ਼ ਸੀ। ਸਮਾਜ ਦੇ ਵੱਖੋ-ਵੱਖ ਤਬਕਿਆਂ ਤੋਂ ਇਸਤਰੀਆਂ, ਪੁਰਸ਼ ਅਤੇ ਨੌਜਵਾਨ ਇਕੱਠੇ ਹੋ ਕੇ ਬੜੇ ਜੋਸ਼ ਨਾਲ ਨਾਅਰੇ ਲਗਾ ਰਹੇ ਸਨ; ਸਭਨਾਂ ਲਈ ਨਿਆਂ, ਸਮਾਨਤਾ ਅਤੇ ਸਨਮਾਨ ਯਕੀਨੀ ਬਣਾਉਣ ਵਾਲੇ ਸਮਾਜ ਦੇ ਲਈ ਸੰਘਰਸ਼ ਜਾਰੀ ਰੱਖਣ ਦੇ ਆਪਣੇ ਅਹਿਦ ਨੂੰ ਦੁਹਰਾ ਰਹੇ ਸਨ। ਮਾਨਵ ਕੜੀ, ਕਨਾਟ ਪਲੇਸ ਦੀਆਂ ਭੀੜ-ਭਾੜ ਵਾਲੀਆਂ ਸੜਕਾਂ ਤੋਂ ਗੁਜਰਦੀ ਹੋਈ, ਸੰਸਦ ਦੇ ਨੇੜੇ ਜੰਤਰ-ਮੰਤਰ 'ਤੇ ਪਹੁੰਚ ਕੇ, ਇੱਕ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਗਈ।

40 ਤੋਂ ਅਧਿਕ ਜਥੇਬੰਦੀਆਂ – ਇਸਤਰੀ ਉਦਯੋਗਕ ਕਰਮੀ, ਪੇਸ਼ੇਵਰ ਲੋਕਾਂ, ਘਰੇਲੂ ਮਜਦੂਰਾਂ, ਜਮੀਨ ਦੇ ਅਧਿਕਾਰ ਲਈ ਸੰਘਰਸ਼ ਕਰ ਰਹੀਆਂ ਇਸਤਰੀਆਂ, ਬੇ-ਘਰਿਆਂ, ਮਨੁੱਖੀ ਅਧਿਕਾਰਾਂ ਦੇ ਕਾਰਜਕਰਤਾਵਾਂ, ਫਿਰਕੂ ਹਿੰਸਾ ਅਤੇ ਰਾਜਕੀ ਦਹਿਸ਼ਤਗਰਦੀ ਦੇ ਪੀੜਤਾਂ, ਅਤੇ ਰਾਜਨੀਤਕ ਤੇ ਸਮਾਜਕ ਕਾਰਜਕਰਤਾਵਾਂ ਦੀ ਪ੍ਰਤੀਨਿੱਧਤਾ ਕਰਨ ਵਾਲੀਆਂ ਜਥੇਬੰਦੀਆਂ – ਨੇ ਮਿਲਕੇ ਇਸ ਸਾਲ ਦਿੱਲੀ ਵਿੱਚ ਅੰਤਰਰਾਸ਼ਟਰੀ ਇਸਤਰੀ ਦਿਵਸ ਮਨਾਇਆ। ਉਨ੍ਹਾਂ ਨੇ "ਨਿਆਂ, ਬਰਾਬਰੀ, ਵਿਭਿੰਨਤਾ ਅਤੇ ਗੌਰਵ ਲਈ ਇੱਕ ਸੰਗ – ਅੱਠ ਮਾਰਚ, ਸਾਥ ਮਾਰਚ!" ਦੇ ਬੈਨਰ ਹੇਠ ਮਾਰਚ ਕੀਤਾ।

ਮੁਜਾਹਰਾਕਾਰੀਆਂ ਦੇ ਹੱਥਾਂ ਵਿੱਚ ਰੰਗ-ਬਰੰਗੇ ਪਲੈਕਾਰਡ ਅਤੇ ਬੈਨਰ ਸਨ ਜਿਨ੍ਹਾਂ ਉੱਤੇ ਨਾਅਰੇ ਉਕਰੇ ਹੋਏ ਸਨ, ਜਿਵੇਂ ਕਿ: "ਇਸਤਰੀ ਮੁਕਤੀ, ਸਮਾਜ ਦੀ ਮੁਕਤੀ ਦੀ ਸ਼ਰਤ ਹੈ!", "ਸਾਡਾ ਦੁਸ਼ਮਣ ਪੂੰਜੀਵਾਦ ਅਤੇ ਸਾਮਰਾਜਵਾਦ ਹੈ!", "ਇਸਤਰੀਆਂ ਉੱਤੇ ਹਮਲਾ, ਸਮਾਜ ਉੱਤੇ ਹਮਲਾ!", "ਇਸਤਰੀ ਮਜਦੂਰਾਂ-ਵਿਰੋਧੀ ਕਿਰਤ ਕਨੂੰਨਾਂ ਨੂੰ ਰੱਦ ਕਰੋ!", "ਫਾਸ਼ੀਵਾਦੀ, ਸਮਾਜ-ਵਿਰੋਧੀ ਅਤੇ ਇਸਤਰੀ-ਵਿਰੋਧੀ ਕਨੂੰਨਾਂ – ਅਪਸਪਾ ਅਤੇ ਯੂ.ਏ.ਪੀ.ਏ. ਨੂੰ ਰੱਦ ਕਰੋ!", "ਇਸਤਰੀ ਮੁਕਤੀ ਜਿੰਦਾਬਾਦ!", "ਅੰਤਰਰਾਸ਼ਟਰੀ ਇਸਤਰੀ ਦਿਵਸ ਜਿੰਦਾਬਾਦ!", "ਸ਼ਾਸਨ ਸੱਤਾ ਆਪਣੇ ਹਾਥ, ਜੁਲਮ ਅਨਿਆਂ ਨੂੰ ਕਰੀਏ ਸਮਾਪਤ!", "ਸੰਗਠਿਤ ਹੋਵੋ, ਹੁਕਮਰਾਨ ਬਣੋ ਅਤੇ ਸਮਾਜ ਕੋ ਬਦਲ ਡਾਲੋ!", ਆਦਿ।

ਬਾਕੀ ਸਫਾ 5 'ਤੇ




### 23 ਮਾਰਚ, ਸ਼ਹੀਦੀ ਦਿਹਾੜਾ:

## ਪ੍ਰੋਲੇਤਾਰੀ ਜਮਾਤ ਦਾ ਇਨਕਲਾਬ ਹੀ ਸ਼ਹੀਦਾਂ ਦੇ ਸੁਪਨਿਆਂ ਨੂੰ ਸਕਾਰ ਕਰਨ ਦਾ ਰਸਤਾ ਹੈ

23 ਮਾਰਚ ਨੂੰ ਸਾਡੇ ਅਮਰ ਸ਼ਹੀਦਾਂ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਬੇਮਿਸਾਲ ਕੁਰਬਾਨੀ ਦੀ ਯਾਦ ਵਿਚ, ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਅੰਗਰੇਜ਼ ਸਾਮਰਾਜਵਾਦੀਆਂ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਅਤੇ ਇਨਸਾਨ ਵੱਲੋਂ ਇਨਸਾਨ ਦੇ ਸ਼ੋਸ਼ਣ ਤੋਂ ਮੁਕਤ ਸਮਾਜ ਦੀ ਸਥਾਪਨਾ ਕਰਨ ਦੀ ਆਵਾਜ਼ ਬੁਲੰਦ ਕੀਤੀ ਸੀ। ਉਨ੍ਹਾਂ ਦੀ ਪ੍ਰੇਰਣਾ ਦੇ ਸ੍ਰੋਤ ਸਨ, ਉਹ ਅਨਗਿਣਤ ਸ਼ਹੀਦ, 1857 ਦੇ ਮਹਾਨ ਗ਼ਦਰੀ ਵੀਰ, ਅਮਰੀਕਾ, ਕਨੇਡਾ ਆਦਿ, ਅਨੇਕਾਂ ਦੇਸ਼ਾਂ ਅਤੇ ਹਿੰਦੁਸਤਾਨ ਦੀ ਧਰਤੀ 'ਤੇ ਅੰਗਰੇਜ਼ਾਂ ਖਿਲਾਫ਼ 1915 ਵਿਚ ਆਜ਼ਾਦੀ ਦਾ ਬਿਗਲ ਵਜਾਉਣ ਵਾਲੇ ਹਿੰਦੁਸਤਾਨ ਗ਼ਦਰ ਪਾਰਟੀ ਦੇ ਵੀਰ, ਆਦਿ। ਜਲ੍ਹਿਆਂਵਾਲਾ ਬਾਗ ਵਿਚ ਅੰਗਰੇਜ਼ ਹਕੂਮਤ ਵੱਲੋਂ ਸਾਡੇ ਦੇਸ਼ਵਾਸੀਆਂ ਦੇ ਬੇਰਹਿਮ ਕਤਲੇਆਮ ਵਰਗੇ ਅੱਤਿਆਚਾਰਾਂ ਨੇ ਉਨ੍ਹਾਂ ਦੇ ਸੰਕਲਪ ਨੂੰ ਤਾਕਤ ਦਿੱਤੀ। 19 ਸਾਲ ਦੀ ਉਮਰੇ ਸ਼ਹੀਦ ਹੋਏ ਕਰਤਾਰ ਸਿੰਘ ਸਰਾਭਾ ਵਰਗੇ ਨੌਜਵਾਨਾਂ ਤੋਂ ਉਨ੍ਹਾਂ ਨੇ ਪ੍ਰੇਰਣਾ ਲਈ। ਸਾਡੇ ਸ਼ਹੀਦਾਂ ਦਾ, ਸ਼ੋਸ਼ਣ ਰਹਿਤ, ਨਿਆਂ ਪੂਰਣ ਅਤੇ ਖੁਸ਼ਹਾਲ ਸਮਾਜ ਦਾ ਸੁਪਨਾ ਅੱਜ ਵੀ ਅਧੂਰਾ ਹੈ।

ਦੇਸ਼ ਦੀ ਆਜ਼ਾਦੀ ਦੇ ਨਾਂਅ 'ਤੇ 1947 ਵਿਚ ਜੋ ਹਿੰਦੁਸਤਾਨੀ ਪੂੰਜੀਪਤੀ ਵਰਗ ਸੱਤਾ ਵਿਚ ਆਇਆ, ਉਸ ਨੇ ਬਹੁਗਿਣਤੀ ਜਨਤਾ ਦੀ ਲੁੱਟ, ਸ਼ੋਸ਼ਣ ਦੀ ਉਸੇ ਵਿਵਸਥਾ ਨੂੰ ਬਣਾਈ ਰੱਖਿਆ, ਜਿਸ ਨੂੰ ਬਰਤਾਨਵੀ ਰਾਜ ਨੇ ਸਥਾਪਿਤ ਕੀਤਾ ਸੀ, ਉਸ ਨੂੰ ਹੁਣ ਕਈ ਗੁਣਾ ਹੋਰ ਤਾਕਤਵਰ ਬਣਾ ਦਿੱਤਾ ਹੈ। ਦੇਸ਼ ਦੀ ਆਰਥਿਕ ਨੀਤੀ ਅਤੇ ਸਮਾਜ ਦੇ ਸੰਚਾਲਨ ਦੀ ਪੂਰੀ ਦਿਸ਼ਾ ਸੱਭ ਤੋਂ ਵੱਡੇ ਪੂੰਜੀਪਤੀਆਂ ਦੇ ਜ਼ਿਆਦਾ ਮੁਨਾਫੇ ਬਣਾਉਣ ਦੇ ਹਿੱਤ ਦੇ ਅਨੁਸਾਰ ਤੈਅ ਕੀਤੀ ਜਾਂਦੀ ਹੈ। ਸਰਕਾਰ ਚਾਹੇ ਕਾਂਗਰਸ ਪਾਰਟੀ ਦੀ ਹੋਵੇ ਜਾਂ ਭਾਜਪਾ ਦੀ, ਉਹ ਪੂੰਜੀਪਤੀਆਂ ਦਾ ਰਾਜਨੀਤਕ ਪ੍ਰਤੀਨਿਧੀ ਬਣ ਕੇ ਉਨ੍ਹਾਂ ਦੇ ਹਿੱਤਾਂ ਨੂੰ ਉਤਸ਼ਾਹ ਦੇਣ ਦਾ ਕੰਮ ਕਰਦੀ ਹੈ।

ਅੱਜ ਜਿੱਥੇ ਇੱਕ ਪਾਸੇ ਹਿੰਦੁਸਤਾਨ ਦੇ ਕੁੱਝ ਵੱਡੇ ਪੂੰਜੀਪਤੀ ਦੁਨੀਆਂ ਦੇ ਸੱਭ ਤੋਂ ਅਮੀਰ ਪੂੰਜੀਪਤੀਆਂ ਵਿਚ ਗਿਣੇ ਜਾਂਦੇ ਹਨ, ਤਾਂ ਦੂਜੇ ਪਾਸੇ ਹਿੰਦੁਸਤਾਨ ਦੁਨੀਆ ਦੇ ਸੱਭ ਤੋਂ ਜ਼ਿਆਦਾ ਕੁਪੋਸ਼ਣ, ਅਨਪੜ੍ਹਤਾ, ਬੇਘਰ, ਸਿਹਤ ਸੇਵਾ, ਸਿੱਖਿਆ ਅਤੇ ਹੋਰ ਮੁੱਢਲੀਆਂ ਸਹੂਲਤਾਂ ਤੋਂ ਵਾਂਝੀ ਆਬਾਦੀ ਵਾਲੇ ਦੇਸ਼ਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਕੁਦਰਤੀ ਸਾਧਨਾਂ – ਜਲ, ਜੰਗਲ, ਜ਼ਮੀਨ, ਖਨਿਜ, ਆਦਿ ਨਾਲ ਭਰਪੂਰ ਇਸ ਦੇਸ਼ ਵਿਚ ਹਰ ਰੋਜ਼ ਕਿਸਾਨ ਕਰਜ਼ੇ ਦੇ ਚੱਕਰ ਵਿਚ ਫਸ ਕੇ ਖੁਦਕੁਸ਼ੀ ਕਰਨ ਨੂੰ ਮਜਬੂਰ ਹੁੰਦੇ ਹਨ। ਉਤਪਾਦਨ ਦੇ ਸਾਰੇ ਮੁੱਖ ਸਾਧਨਾਂ – ਕਾਰਖਾਨੇ, ਉਦਯੋਗ, ਕੁਦਰਤੀ ਸਾਧਨ – ਸਾਰਿਆਂ ਦਾ ਮਾਲਿਕ ਅੱਜ ਹੁਕਮਰਾਨ ਪੂੰਜੀਪਤੀ ਵਰਗ ਹੈ, ਜੋ ਇਨ੍ਹਾਂ ਸੱਭ ਦੀ ਲੁੱਟ ਜ਼ਰੀਏ ਆਪਣੇ ਆਪ ਨੂੰ ਹੋਰ ਅਮੀਰ ਬਣਾਉਂਦਾ ਜਾ ਰਿਹਾ ਹੈ ਅਤੇ ਕਿਰਤੀ ਅਬਾਦੀ ਨੂੰ ਕੰਗਾਲੀ ਵਲ ਧੱਕ ਰਿਹਾ ਹੈ। ਦੇਸ਼ ਅਤੇ ਵਿਦੇਸ਼ ਦੀਆਂ ਵੱਡੀਆਂ-ਵੱਡੀਆਂ ਇਜਾਰੇਦਾਰ ਕੰਪਨੀਆਂ ਨੂੰ ਇਸ ਲੁੱਟ ਖਸੁੱਟ ਵਿਚ ਹਿੱਸਾ ਲੈਣ ਦਾ ਸੱਦਾ ਦਿੱਤਾ ਜਾ ਰਿਹਾ ਹੈ, ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਣ ਲਈ ਕਨੂੰਨ ਆਦਿ ਬਦਲੇ ਜਾ ਰਹੇ ਹਨ।

ਬਾਕੀ ਸਫਾ 8 'ਤੇ

## ਖੁਰਦਪੁਰ (ਪੰਜਾਬ) ਦੇ ਗ਼ਦਰੀ ਸ਼ਹੀਦਾਂ ਨੂੰ ਸ਼ਰਧਾਂਜਲੀ!

ਗ਼ਦਰੀ ਸ਼ਹੀਦਾਂ ਭਾਈ ਬਲਵੰਤ ਸਿੰਘ ਅਤੇ ਭਾਈ ਰੰਗਾ ਸਿੰਘ ਦੇ 100ਵੇਂ ਸ਼ਹੀਦੀ ਦਿਹਾੜੇ 'ਤੇ, 16 ਮਾਰਚ 2015 ਨੂੰ ਉਨ੍ਹਾਂ ਦੇ ਪਿੰਡ ਖੁਰਦਪੁਰ ਦੇ ਗੁਰਦੁਆਰਾ ਤਪਸਰ ਸਾਹਿਬ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਤ ਕੀਤੀ ਗਈ। ਸ਼ਹੀਦੀ ਦਿਹਾੜੇ ਦੇ ਇਸ ਮੌਕੇ 'ਤੇ ਹਰਵਿੰਦਰ ਸਿੰਘ ਨੇ ਇਨ੍ਹਾਂ ਗ਼ਦਰੀਆਂ ਦੇ ਜੀਵਨ ਅਤੇ ਕੰਮ ਬਾਰੇ ਸੰਖੇਪ ਵਿੱਚ ਦੱਸਿਆ।

ਅੰਗਰੇਜ਼ਾਂ ਨੇ 16 ਮਾਰਚ 1917 ਨੂੰ ਭਾਈ ਬਲਵੰਤ ਸਿੰਘ ਨੂੰ ਅਤੇ 16 ਜੂਨ 1916 ਨੂੰ ਭਾਈ ਰੰਗਾ ਸਿੰਘ ਨੂੰ ਫਾਂਸੀ ਦਿੱਤੀ ਸੀ।

ਸਭਾ ਦਾ ਸੰਚਾਲਨ, ਦੇਸ਼ ਭਗਤ ਯਾਦਗਾਰ ਕਮੇਟੀ (ਜਲੰਧਰ) ਦੇ ਮੈਂਬਰ, ਕਾਮਰੇਡ ਚਿਰੰਜੀ ਲਾਲ ਕੰਗਣੀਵਾਲ, ਨੇ ਕੀਤਾ। ਇਸ ਸਭਾ ਵਿੱਚ ਉਸ ਇਲਾਕੇ ਦੇ ਸ਼ਹੀਦ ਹੋਏ ਇਨਕਲਾਬੀਆਂ ਦੇ ਪਰਿਵਾਰਕ ਮੈਂਬਰ ਭਾਰੀ ਗਿਣਤੀ 'ਚ ਹਾਜ਼ਰ ਸਨ।



**ਭਾਈ ਬਲਵੰਤ ਸਿੰਘ**



**ਭਾਈ ਰੰਗਾ ਸਿੰਘ**

ਇਸ ਮੌਕੇ 'ਤੇ ***'ਖੁਰਦਪੁਰ ਦੇ ਗ਼ਦਰੀ ਸ਼ਹੀਦ'*** ਨਾਮਕ ਪੁਸਤਕ ਦਾ ਵਿਮੋਚਨ, ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਗੁਰਦੁਆਰਾ ਤਪਸਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਲੋਂ ਕੀਤਾ ਗਿਆ।

ਇੰਗਲੈਂਡ ਤੋਂ ਆਏ ਕਾਮਰੇਡ ਦਲਵਿੰਦਰ ਸਿੰਘ ਨੇ ਕਿਹਾ ਕਿ ਮੈਨੂੰ ਬੜਾ ਫਖਰ ਹੈ ਕਿ ਮੈਂ ਵੀ ਇਨ੍ਹਾਂ ਗ਼ਦਰੀਆਂ ਦੇ ਪਿੰਡ ਵਿੱਚ ਪੈਦਾ ਹੋਇਆ। ਸਾਡੇ ਪਿੰਡ

ਬਾਕੀ ਸਫਾ 4 'ਤੇ



# ਰੇਲ ਮੰਤਰੀ ਸੁਰੇਸ਼ ਪ੍ਰਭੂ ਨੇ ਰੇਲ ਬੱਜਟ ਪੇਸ਼ ਕੀਤਾ

26 ਫਰਵਰੀ, 2015 ਨੂੰ ਰੇਲ ਮੰਤਰੀ ਸੁਰੇਸ਼ ਪ੍ਰਭੂ ਨੇ ਰੇਲ ਬਜਟ ਪਸ਼ੇ ਕੀਤਾ ਜਿਸ ਦਾ ਤਥਾਕਥਿਤ ਟੀਚਾ ਹੈ:

ੳ) ਉਪਭੋਗਤਾ ਤਜਰਬੇ ਵਿਚ ਤਰੱਕੀ ਪ੍ਰਦਾਨ ਕਰਵਾਉਣਾ

ਅ) ਯਾਤਰਾ ਲਈ ਰੇਲ ਨੂੰ ਇੱਕ ਸੁਰੱਖਿਅਤ ਜ਼ਰੀਆ ਬਣਾਉਣਾ

ੲ) ਭਾਰਤੀ ਰੇਲ ਦੀ ਯੋਗਤਾ ਕਾਫੀ ਮਾਤਰਾ ਵਿਚ ਵਧਾਉਣਾ ਅਤੇ ਉਸ ਦੇ ਮੁੱਢਲੇ ਢਾਂਚੇ ਨੂੰ ਆਧੁਨਿਕ ਬਣਾਉਣਾ˙ ਰੋਜ਼ਾਨਾ ਯਾਤਰੀਆਂ ਦੀ ਗਿਣਤੀ 2.1 ਕਰੋੜ ਤੋਂ ਵਧਾ ਕੇ 3 ਕਰੋੜ ਕਰਨਾ, ਪਟਰੀਆਂ ਦੀ ਲੰਬਾਈ 20 ਫੀਸਦੀ ਵਧਾਉਣਾ, ਯਾਨੀ ਕਿ 1,14,000 ਕਿ.ਮੀ. ਤੋਂ ਵਧਾ ਕੇ 1,38,000 ਕਿ.ਮੀ. ਬਣਾਉਣਾ, ਸਾਲਾਨਾ ਮਾਲ ਦੀ ਢੋਆ-ਢੁਆਈ ਦੀ ਯੋਗਤਾ 100 ਕਰੋੜ ਟਨ ਤੋਂ ਵਧਾ ਕੇ 150 ਕਰੋੜ ਟਨ ਕਰਨਾ।

ਸ) ਭਾਰਤੀ ਰੇਲ ਨੂੰ ਵਿੱਤੀ ਰੂਪ ਨਾਲ ਆਤਮ-ਨਿਰਭਰ ਬਣਾਉਣਾ। ਸੰਚਾਲਨ ਦੇ ਜ਼ਰੀਏ ਨਾ ਸਿਰਫ਼ ਆਪਣੀ ਤਰੱਕੀ ਲਈ ਚੁੱਕੇ ਜ਼ਰੂਰੀ ਕਰਜ਼ੇ ਦੇ ਭੁਗਤਾਨ ਲਈ ਧਨ ਪੈਦਾ ਕਰਨਾ, ਬਲਕਿ ਜਾਰੀ ਤੌਰ 'ਤੇ ਪੁਰਾਣੀ ਐਸੇਟ ਨੂੰ ਬਦਲਣ ਲਈ ਧਨ ਜਮ੍ਹਾ ਕਰਨਾ।

ਇਨ੍ਹਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ, ਉਨ੍ਹਾਂ ਨੇ ਅਗਲੇ ਪੰਜ ਵਰ੍ਹਿਆਂ ਵਿਚ 8,56,020 ਕਰੋੜ ਰੁਪਏ ਦੀ ਯੋਜਨਾ ਪੇਸ਼ ਕੀਤੀ ਗਈ। ਸਾਬਕਾ ਕਾਂਗਰਸ ਪਾਰਟੀ ਅਤੇ ਮੌਜੂਦਾ ਮੋਦੀ ਦੀ ਪ੍ਰਧਾਨਗੀ ਵਾਲੀਆਂ ਸਰਕਾਰਾਂ, ਦੋਵਾਂ ਦੀਆਂ ਨੀਤੀਆਂ ਪ੍ਰਤੱਖ ਵਿਦੇਸ਼ੀ ਨਿਵੇਸ਼ 'ਤੇ ਅਤੇ ਨਿੱਜੀ ਖੇਤਰ ਦੇ ਸਹਿਯੋਗ 'ਤੇ ਨਿਰਭਰਤਾ ਵਧਾਉਣ ਦੀ ਦਿਸ਼ਾ ਵਿਚ ਹਨ, ਅਤੇ ਇਹ ਯੋਜਨਾ ਵੀ ਉਸੇ ਦਿਸ਼ਾ ਵਿਚ ਹਨ।

ਬੱਜਟ ਦੀ ਪੇਸ਼ਕਾਰੀ ਵਿਚ ਸ੍ਰੀ ਪ੍ਰਭੂ ਨੇ ਇੰਨੀ ਵੱਡੀ ਰਕਮ ਕਿਥੋਂ ਲਈ ਜਾਵੇਗੀ, ਇਸ ਦਾ ਵੇਰਵਾ ਨਹੀਂ ਦਿੱਤਾ। ਇਸ ਵਿਚ ਨਾ ਤਾਂ ਸਹੀ ਯੋਜਨਾ ਹੈ ਅਤੇ ਨਾ ਹੀ ਟੀਚਿਆਂ ਦੀ ਪ੍ਰਾਪਤੀ ਲਈ ਕੋਈ ਸਮਾਂ ਸੀਮਾ ਹੈ। ਇਸੇ ਤਰ੍ਹਾਂ ਪੂਰੀ ਬੱਜਟ ਪੇਸ਼ਕਾਰੀ ਵਿਚ ਕੋਈ ਸੂਚਨਾ ਨਹੀਂ ਦਿੱਤੀ ਗਈ ਹੈ। ਇਹ ਸਾਫ ਹੈ ਕਿ ਇਸ ਤਰ੍ਹਾਂ ਜਾਣ ਬੁੱਝ ਕੇ ਕੀਤਾ ਗਿਆ ਹੈ ਤਾਂ ਕਿ ਇਸ ਸੱਚਾਈ ਨੂੰ ਲੁਕੋਇਆ ਜਾ ਸਕੇ ਕਿ ਸਰਕਾਰ ਭਾਰਤੀ ਰੇਲ ਵਿਚ ਢਾਂਚਾਗਤ ਤਬਦੀਲੀਆਂ ਲਿਆ ਰਹੀ ਹੈ।

ਰੇਲ ਮੰਤਰੀ ਦੇ ਬੱਜਟੀ ਵੇਰਵੇ ਦੇ ਟੀਚਿਆਂ ਦੇ ਬਾਵਜੂਦ ਉਨ੍ਹਾਂ ਦੇ ਪ੍ਰਸਤਾਵਾਂ ਦਾ ਨਿਸ਼ਾਨਾ ਹਿੰਦੁਸਤਾਨ ਦੇ ਕਰੋੜਾਂ ਮਿਹਨਤਕਸ਼ ਲੋਕਾਂ ਦੀ ਯਾਤਰਾ ਆਸਾਨ ਅਤੇ ਸੁਰੱਖਿਅਤ ਬਣਾਉਣਾ ਨਹੀਂ ਹੈ। ਨਾ ਹੀ ਉਸ ਦਾ ਟੀਚਾ ਭਾਰਤੀ ਰੇਲ ਦੇ 13 ਲੱਖ ਮਜ਼ਦੂਰਾਂ ਦੀ ਕੰਮ ਕਰਨ ਅਤੇ ਰਹਿਣ ਦੇ ਹਲਾਤਾਂ ਨੂੰ ਸੁਧਾਰਣਾ ਹੈ।

ਉਦਾਹਰਣ ਦੇ ਤੌਰ 'ਤੇ, ਹਾਲਾਂਕਿ ਬੱਜਟ ਵਿਚ ਕਹੇ ਗਏ ਟੀਚਿਆਂ ਵਿਚੋਂ ਪਹਿਲਾ ਹੈ ਕਿ "ਲਗਾਤਾਰ ਅਤੇ ਮਾਪਣਯੋਗ ਤਰੱਕੀ ਨਾਲ ਗਾਹਕ ਤਜਰਬਾ ਪ੍ਰਦਾਨ ਕਰਨਾ", ਪਰ ਕੁੱਲ ਨਿਵੇਸ਼ ਦਾ ਸਿਰਫ਼ 1.4 ਫੀਸਦੀ ਹੀ ਯਾਤਰੀਆਂ ਦੀਆਂ ਸਹੂਲਤਾਂ ਲਈ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਕਿਹਾ ਗਿਆ ਹੈ ਕਿ "ਅਸੀਂ ਕਰਮਚਾਰੀਆਂ ਦੀ ਰਿਹਾਇਸ਼ ਅਤੇ ਆਰ.ਪੀ.ਐਫ. ਬੈਰਕਾਂ ਵਿਚ ਮੁਰੰਮਤ ਦਾ ਕੰਮ ਕਰਾਂਗੇ। ਅਸੀਂ ਕਰਮਚਾਰੀਆਂ ਲਈ ਸਿਹਤ ਸੇਵਾ ਪਹੁੰਚਾਉਣ ਵਿਚ ਸੁਧਾਰ ਲਿਆਵਾਂਗੇ। ਆਪਣੇ ਕਰਮਚਾਰੀਆਂ ਦੇ ਮਨੋਰੰਜਨ ਲਈ ਸ਼ੁਰੂਆਤੀ ਤੌਰ 'ਤੇ ਅਸੀਂ ਚਾਰ ਛੁੱਟੀ ਵਾਲੇ ਸਦਨਾਂ ਨੂੰ ਵਧੀਆ ਬਣਾਵਾਂਗੇ।" ਵਰਨਣਯੋਗ ਹੈ ਕਿ ਰੇਲਵੇ ਦੇ ਤੀਜੀ ਅਤੇ ਚੌਥੀ ਸ਼੍ਰੇਣੀ ਦੇ ਸਰਕਾਰੀ ਮਕਾਨ ਬਹੁਤ ਹੀ ਖਰਾਬ ਹਾਲਤ ਵਿਚ ਹਨ। ਪਰ ਮੰਤਰੀ ਜੀ ਨੇ ਇਹ ਨਹੀਂ ਦੱਸਿਆ ਕਿ ਘਰਾਂ ਦੀ ਮੁਰੰਮਤ ਅਤੇ ਨਵੇਂ ਘਰਾਂ ਲਈ ਕਿੰਨਾ ਖਰਚ ਕੀਤਾ ਜਾਵੇਗਾ। ਇਸ ਦੀ ਜਗ੍ਹਾ ਉਹ ਕਰਮਚਾਰੀਆਂ ਦੇ ਮਨੋਰੰਜਨ ਲਈ ਚਾਰ ਛੁੱਟੀ ਵਾਲੇ ਸਦਨਾਂ ਨੂੰ ਵਧੀਆ ਬਣਾ ਰਹੇ ਹਨ। 13 ਲੱਖ ਮਜ਼ਦੂਰਾਂ ਲਈ ਚਾਰ ਛੁੱਟੀ ਵਾਲੇ ਸਦਨਾਂ ਨੂੰ ਵਧੀਆ ਬਣਾਉਣ ਦੇ ਟੀਚੇ ਤੋਂ ਸਾਫ਼ ਪਤਾ ਲਗਦਾ ਹੈ ਕਿ ਮੰਤਰੀ ਜੀ ਮਜ਼ਦੂਰਾਂ ਦੇ ਕਲਿਆਣ ਲਈ ਕਿੰਨੇ ਕੁ ਚਿੰਤਤ ਹਨ।

ਆਲ ਇੰਡੀਆ ਲੋਕੋ ਰਨਿੰਗ ਸਟਾਫ ਐਸੋਸੀਏਸ਼ਨ ਲਗਾਤਾਰ ਇਹ ਮੁੱਦਾ ਚੁੱਕਦਾ ਆਇਆ ਹੈ ਕਿ ਲੋਕੋ ਪਾਇਲਟਾਂ ਨੂੰ ਬਿਨਾ ਛੁੱਟੀ ਦੇ ਕਈ ਘੰਟੇ ਦੀਆਂ ਪਾਰੀਆਂ ਵਿਚ ਕੰਮ ਕਰਨਾ ਪੈਂਦਾ ਹੈ ਜਿਸ ਨਾਲ ਯਾਤਰੀਆਂ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੁੰਦਾ ਹੈ। ਉਨ੍ਹਾਂ ਧਿਆਨ ਦਿਵਾਇਆ ਕਿ ਪਟੜੀਆਂ ਨੂੰ ਜਾਂਚਣ ਦੇ ਯੋਗ ਕਾਰਜ ਨੂੰ ਠੇਕੇ 'ਤੇ ਗੈਰ-ਤਜਰਬੇਕਾਰ ਅਤੇ ਕੱਚੇ ਮਜ਼ਦੂਰਾਂ ਤੋਂ ਕਰਵਾਉਣ ਨਾਲ ਦੁਰਘਟਨਾ ਦੀ ਸੰਭਾਵਨਾ ਵਧ ਜਾਂਦੀ ਹੈ। ਜਦ ਰੇਲ ਮੰਤਰੀ ਇਨ੍ਹਾਂ ਅਹਿਮ ਮੁੱਦਿਆਂ ਨੂੰ ਨਜ਼ਰ-ਅੰਦਾਜ਼ ਕਰਦੇ ਹਨ ਤਦ ਸਾਫ ਹੈ ਕਿ ਦੱਸਿਆ ਗਿਆ ਦੂਸਰਾ ਟੀਚਾ ਕਿ "ਯਾਤਰਾ ਲਈ ਰੇਲ ਨੂੰ ਇੱਕ ਸੁਰੱਖਿਅਤ ਸਾਧਨ ਬਣਾਉਣਾ" ਇੱਕ ਨੀਤੀਗਤ ਟੀਚਾ ਮਾਤਰ ਹੈ।

ਇਸ ਦੇ ਬਾਅਦ ਦੱਸਿਆ ਗਿਆ ਅਗਲਾ ਟੀਚਾ ਹੈ ਕਿ "ਭਾਰਤੀ ਰੇਲ ਦੀ ਯੋਗਤਾ ਦਾ ਜ਼ਿਆਦਾ ਮਾਤਰਾ ਵਿਚ ਵਧਾਉਣਾ" ਪਰ ਰੇਲਮੰਤਰੀ ਦਾ ਦਾਅਵਾ ਹੈ ਕਿ ਇਸ ਤਰ੍ਹਾਂ ਦਿੱਲੀ, ਮੁੰਬਈ, ਚੇਨੰਈ ਅਤੇ ਕੋਲਕਾਤਾ ਵਰਗੇ ਚਾਰ ਮਹਾਨਗਰਾਂ ਵਿਚਕਾਰਲੇ ਸੰਘਣੇ ਰਸਤਿਆਂ 'ਤੇ ਹੋਰ ਰੇਲਗੱਡੀਆਂ ਚਲਾ ਕੇ ਕੀਤਾ ਜਾ ਸਕਦਾ ਹੈ। ਜਦਕਿ ਇਹ ਰਸਤੇ ਕੁੱਲ ਰੇਲ ਰਸਤਿਆਂ ਦਾ ਸਿਰਫ਼ 16 ਫੀਸਦੀ ਹਨ ਅਤੇ ਇਨ੍ਹਾਂ 'ਤੇ 50 ਫੀਸਦੀ ਤੋਂ ਵੀ ਜ਼ਿਆਦਾ ਆਵਾਜਾਈ ਹੁੰਦੀ ਹੈ। ਰੇਲਮੰਤਰੀ ਦਾ ਹੁਣ ਪ੍ਰਸਤਾਵ ਹੈ ਕਿ ਇਨ੍ਹਾਂ ਵਿਚ ਦੁੱਗਣੀ, ਤਿਗੁੱਣੀ ਅਤੇ ਚਾਰਗੁਣੀ ਪਟੜੀਆਂ ਵਿਛਾਉਣ ਨਾਲ ਰੇਲਵੇ ਦੀ ਯੋਗਤਾ ਵਧ ਜਾਵੇਗੀ। ਇਸ ਤਰ੍ਹਾਂ ਦੇ ਪ੍ਰਸਤਾਵ ਦੇ ਪਿੱਛੇ ਕੀ ਸੋਚ ਹੈ "ਘੱਟ ਤੋਂ ਘੱਟ ਨਿਵੇਸ ਨਾਲ ਜ਼ਿਆਦਾ ਤੋਂ ਜ਼ਿਆਦਾ ਫਾਇਦਾ"। ਇਹ ਨਿਵੇਸ਼ ਦਾ ਮੁਨਾਫਾ-ਕੇਂਦਰਿਕ ਤਰੀਕਾ ਹੈ ਜੋ ਆਮ ਤੌਰ 'ਤੇ ਹਿੰਦੁਸਤਾਨੀ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਟੀਚੇ ਤੋਂ ਉਲਟਾ ਹੈ।

ਸਵਤੰਤਰਤਾ ਦੇ ਬਾਅਦ, ਭਾਰਤੀ ਰੇਲ ਵਿਚ ਰਸਤੇ ਦੀ ਲੰਬਾਈ 54,000 ਕਿਲੋਮੀਟਰ ਸੀ ਜਦਕਿ ਅੱਜ ਇਹ 65,000 ਕਿਲੋਮੀਟਰ ਹੋ ਗਈ ਹੈ ਯਾਨੀ ਕਿ ਲਗਭਗ10,000 ਕਿ. ਮੀ. ਨਵੇਂ ਰਸਤੇ ਜੋੜੇ ਗਏ ਹਨ। ਪਰ ਪਟੜੀਆਂ 1,15,000 ਕਿ.ਮੀ. ਵਧੀਆਂ ਹਨ ਕਿਉਂਕਿ ਮੌਜੂਦਾ ਰੇਲ ਰਸਤਿਆਂ ਵਿਚ ਹੋਰ ਪਟੜੀਆਂ ਵਿਛਾਈਆਂ ਗਈਆਂ ਹਨ। ਹੁਣ ਰੇਲ ਮੰਤਰੀ ਉਨ੍ਹਾਂ ਹੀ ਰੇਲ ਰਸਤਿਆਂ ਵਿਚ ਹੋਰ ਵਿਕਾਸ ਕਰਨ ਦਾ ਪ੍ਰਸਤਾਵ ਰੱਖ ਰਹੇ ਹਨ। ਦੇਸ਼ ਦੇ ਜ਼ਿਆਦਾਤਰ ਹਿੱਸੇ ਅਜੇ ਤਕ ਰੇਲ ਨਾਲ ਜੁੜੇ ਨਹੀਂ ਹਨ। ਦੂਰ-ਦੁਰਾਡੇ ਇਲਾਕਿਆਂ ਨੂੰ ਰੇਲ ਨਾਲ ਜੋੜਨ ਨਾਲ ਵਿਕਾਸ ਨੂੰ ਉਤਸ਼ਾਹ ਮਿਲੇਗਾ ਅਤੇ ਮਹਾਨਗਰਾਂ ਵਿਚ ਜ਼ਿਆਦਾ ਭੀੜ, ਜੋ ਅੱਜਕੱਲ੍ਹ ਵਧ ਰਹੀ ਹੈ, ਉਸ ਤੋਂ ਰਾਹਤ ਮਿਲੇਗੀ। ਹਾਲਾਂਕਿ ਇਸ ਨਾਲ ਬਹੁਤ ਜ਼ਿਆਦਾ ਪੂੰਜੀ ਨਿਵੇਸ਼ ਦੀ ਜ਼ਰੂਰਤ ਹੋਵੇਗੀ ਅਤੇ ਛੋਟੇ ਸਮੇਂ ਵਿਚ ਫਾਇਦਾ ਨਹੀਂ ਹੋਵੇਗਾ, ਪਰ ਲੰਬੇ ਤੌਰ 'ਤੇ ਆਬਾਦੀ ਨੂੰ ਬਹੁਤ ਫਾਇਦਾ ਹੋਵੇਗਾ, ਜਿਨ੍ਹਾਂ ਨੂੰ ਆਪਣੇ ਘਰਾਂ ਤੋਂ ਹਜ਼ਾਰਾਂ ਮੀਲ ਦੂਰ ਰੋਜ਼ੀ ਰੋਟੀ ਦੀ ਭਾਲ ਵਿਚ ਜਾਣਾ ਪੈਂਦਾ ਹੈ।

ਰੇਲ ਮੰਤਰੀ ਵੱਲੋਂ ਦੱਸਿਆ ਗਿਆ ਅਖੀਰੀ ਟੀਚਾ ਹੈ ਕਿ "ਭਾਰਤੀ ਰੇਲ ਨੂੰ ਵਿੱਤੀ ਰੂਪ ਨਾਲ ਆਤਮ-ਨਿਰਭਰ ਬਣਾਉਣਾ"। ਮੰਤਰੀ ਜੀ ਨੇ 8,56,020 ਕਰੋੜ ਰੁਪਏ ਜੁਟਾਉਣ ਲਈ "ਬਹੁਪੱਖੀ ਅਤੇ ਦੋ-ਪੱਖੀ ਵਿੱਤੀ ਸੰਸਥਾਨਾਂ ਨੂੰ ਮਿਲਾਕੇ ਘਰੇਲੂ ਅਤੇ ਵਿਦੇਸ਼ੀ ਸ੍ਰੋਤਾਂ ਤੋਂ ਲੰਬੇ ਤੌਰ 'ਤੇ ਕਰਜ਼ੇ ਲੈਣ ਲਈ, ਇੱਕ ਆਧਾਰਭੂਤ ਢਾਂਚਾ ਨਿਧੀ, ਇੱਕ ਨਿਯੰਤਰਕ ਕੰਪਨੀ (ਹੋਲਡਿੰਗ ਕੰਪਨੀ) ਅਤੇ ਸਰਬਜਨਕ ਖੇਤਰ ਦੀ ਇੱਕ ਮੌਜੂਦਾ ਐਨ.ਬੀ.ਐਫ.ਸੀ. (ਗੈਰ-ਬੈਂਕਿੰਗ ਵਿੱਤ ਕੰਪਨੀ) ਦੇ ਨਾਲ ਆਈ.ਆਰ.ਐਫ.ਸੀ. (ਇੰਡੀਅਨ ਰੇਲਵੇ ਫਾਈਨਾਂਸ ਕਾਰਪੋਰੇਸ਼ਨ) ਦੇ ਇੱਕ ਸਾਂਝੇ ਉਪਕ੍ਰਮ ਦੀ ਸਥਾਪਨਾ'' ਦਾ ਪ੍ਰਸਤਾਵ ਰੱਖਿਆ ਹੈ। ਇਹ ਦਿਖਾਉਂਦਾ

ਬਾਕੀ ਸਫਾ 8 'ਤੇ

# ਰੇਲਵੇ ਦੀ ਆਲ ਇੰਡੀਆ ਲੋਕੋ ਰਨਿੰਗ ਸਟਾਫ ਐਸੋਸੀਏਸ਼ਨ ਦੇ ਮੁੱਖ ਸਕੱਤਰ, ਕਾਮਰੇਡ ਐਮ.ਐਨ. ਪ੍ਰਸਾਦ ਨਾਲ ਇੰਟਰਵਿਊ

**ਮਜਦੂਰ ਏਕਤਾ ਲਹਿਰ (ਮ.ਏ.ਲ.): ਰੇਲ ਮੰਤਰੀ ਸੁਰੇਸ਼ ਪ੍ਰਭੂ ਵਲੋਂ 26 ਫਰਵਰੀ 2015 ਨੂੰ ਪੇਸ਼ ਕੀਤੇ ਗਏ ਬੱਜਟ ਦੇ ਬਾਰੇ 'ਚ ਤੁਸੀਂ ਕੀ ਕਹਿਣਾ ਚਾਹੋਗੇ?**

**ਕਾ. ਐਮ.ਐਨ. ਪ੍ਰਸਾਦ:** ਆਮ ਤੌਰ 'ਤੇ ਬੱਜਟ ਦੀ ਦਿਸ਼ਾ ਨਕਾਰਾਤਮਕ ਹੈ। ਆਮ ਯਾਤਰੀ ਦੇ ਲਈ ਇਸ ਬੱਜਟ ਵਿੱਚ ਕੁੱਝ ਵੀ ਨਹੀਂ ਹੈ। ਉਦਾਹਰਣ ਦੇ ਤੌਰ 'ਤੇ, ਰੇਲਵੇ ਅੰਦਰ ਅਗਲੇ ਪੰਜ ਸਾਲਾਂ 'ਚ 8.56 ਲੱਖ ਕ੍ਰੋੜ ਰੁਪਏ ਦੇ ਨਿਵੇਸ਼ ਦੀ ਯੋਜਨਾ ਤਾਂ ਹੈ, ਪ੍ਰੰਤੂ ਇਹਦੇ ਵਿੱਚੋਂ ਯਾਤਰੀਆਂ ਦੀਆਂ ਸੁਵਿਧਾਵਾਂ ਉੱਤੇ ਸਿਰਫ 12,500 ਕ੍ਰੋੜ ਰੁ: ਹੀ ਖਰਚੇ ਜਾਣਗੇ। ਜਾਣੀ ਕਿ ਕੁੱਲ ਨਿਵੇਸ਼ ਦਾ ਮਾਤਰ 1.4 ਪ੍ਰਤੀਸ਼ਤ! ਹਿੰਦੋਸਤਾਨੀ ਰੇਲ ਰਾਹੀਂ ਯਾਤਰਾ ਕਰਨ ਵਾਲੇ ਜਿਆਦਾਤਰ ਲੋਕ ਗਰੀਬ ਮਿਹਨਤਕਸ਼ਾਂ ਦੀ ਸ਼੍ਰੇਣੀ 'ਚੋਂ ਹਨ ਅਤੇ ਰਾਜਧਾਨੀ ਜਾਂ ਸ਼ਤਾਬਦੀ ਰੇਲਗੱਡੀਆਂ ਵਿੱਚ ਮਹਿੰਗੇ ਬਰਾਂਡ ਦੇ ਪੀਜ਼ੇ ਜਾਂ ਤਲ਼ੇ ਹੋਏ ਮੁਰਗੇ ਦਿੱਤੇ ਜਾਣ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ ਹਨ।

ਬੱਜਟ ਵਿੱਚ ਮਹਾਨ ਟੀਚੇ ਤਾਂ ਮਿੱਥੇ ਗਏ ਹਨ, ਪ੍ਰੰਤੂ ਇਨ੍ਹਾਂ ਨੂੰ ਹਾਸਲ ਕਰਨ ਲਈ ਕੋਈ ਦਿਸ਼ਾ ਨਹੀਂ ਦਿਖਾਈ ਗਈ ਹੈ ਅਤੇ ਨਾ ਹੀ ਕੋਈ ਸਮਾਂ ਸੀਮਾ ਮਿੱਥੀ ਗਈ ਹੈ।

ਬੱਜਟ ਦਾ ਇੱਕ ਹੋਰ ਝੂਠਾ ਦਾਵਾ ਹੈ ਕਿ ਯਾਤਰੀਆਂ ਦੇ ਲਈ ਰੇਲ ਕਿਰਾਏ 'ਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ। ਪ੍ਰੰਤੂ ਸੱਚਾਈ ਤਾਂ ਇਹ ਹੈ ਕਿ ਬੱਜਟ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਰੇਲ ਕਿਰਾਇਆਂ ਵਿੱਚ 14 ਪ੍ਰਤੀਸ਼ਤ ਵਾਧਾ ਕੀਤਾ ਗਿਆ ਸੀ। (ਨੋਟ: ਮਾਰਚ ਮਹੀਨੇ ਦੇ ਅਖੀਰ 'ਚ ਇਹ ਘੋਸ਼ਣਾ ਕੀਤੀ ਗਈ ਹੈ ਕਿ ਪਹਿਲੀ ਅਪ੍ਰੈਲ 2015 ਤੋਂ ਮਾਲ ਭਾੜੇ ਵਿੱਚ 3.4 ਪ੍ਰਤੀਸ਼ਤ ਵਾਧਾ ਕਰ ਦਿੱਤਾ ਗਿਆ ਹੈ ਅਤੇ ਪਲੇਟਫਾਰਮ ਟਿਕਟ 5 ਰੁ: ਤੋਂ ਵਧਾਕੇ 10 ਰੁ: ਯਾਣੀਕਿ ਦੁੱਗਣੀ ਕਰ ਦਿੱਤੀ ਗਈ ਹੈ - ਐਡੀਟਰ)

**ਮ.ਏ.ਲ.: ਬੱਜਟ ਵਿੱਚ ਰੇਲਵੇ ਮਜਦੂਰਾਂ ਦੇ ਲਈ ਕੀ ਦਿੱਤਾ ਗਿਆ ਹੈ?**

**ਕਾ. ਐਮ.ਐਨ. ਪ੍ਰਸਾਦ:** ਬੱਜਟ ਵਿੱਚ ਰੇਲਵੇ ਮਜਦੂਰਾਂ ਲਈ ਕੁੱਝ ਵੀ ਨਹੀਂ ਹੈ। ਉਦਾਹਰਣ ਦੇ ਤੌਰ 'ਤੇ ਰੇਲਵੇ ਕਰਮਚਾਰੀਆਂ ਦੀਆਂ ਰਹਾਇਸ਼ੀ ਕਲੋਨੀਆਂ 'ਚ ਮਕਾਨਾਂ ਦੀ ਹਾਲਤ ਬਹੁਤ ਖਰਾਬ ਹੈ, ਪ੍ਰੰਤੂ ਇਨ੍ਹਾਂ ਨੂੰ ਬੇਹਤਰ ਬਣਾਉਣ ਲਈ ਬੱਜਟ ਵਿੱਚ ਕੋਈ ਗੱਲ ਨਹੀਂ ਕੀਤੀ ਗਈ ਹੈ। ਹਾਂ, ਸੁਰੇਸ਼ ਪ੍ਰਭੂ ਨੇ ਕਰਮਚਾਰੀਆਂ ਨੂੰ ਸਿਹਤ ਸੇਵਾ ਮੁਹੱਈਆ ਕਰਨ ਲਈ, ਬੱਜਟ ਵਿੱਚ ਚਾਰ ਛੁੱਟੀ ਸਦਨਾਂ ਨੂੰ ਬੇਹਤਰ ਬਣਾਉਣ ਦਾ ਜਿਕਰ ਕੀਤਾ ਸੀ। ਸਮਝਣ ਵਾਲੀ ਗੱਲ ਹੈ ਕਿ 13 ਲੱਖ ਰੇਲਵੇ ਕਰਮਚਾਰੀਆਂ ਦੇ ਲਈ ਚਾਰ ਛੁੱਟੀ ਸਦਨਾਂ ਤੋਂ ਕਿੰਨੀ ਕੁ ਸਿਹਤ ਸੇਵਾ ਮਿਲੇਗੀ! ਏ.ਆਈ.ਐਲ.ਆਰ.ਐਸ.ਏ. ਲੋਕੋ ਰਨਿੰਗ ਸਟਾਫ ਦੇ ਕੰਮ ਦੀਆਂ ਹਾਲਤਾਂ ਨੂੰ ਬੇਹਤਰ ਬਣਾਉਣ ਦੇ ਲਈ ਸੰਘਰਸ਼ ਕਰਦੀ ਆਈ ਹੈ। ਸਾਨੂੰ ਲਗਾਤਾਰ 10 ਤੋਂ 12 ਘੰਟੇ ਕੰਮ ਕਰਨਾ ਪੈਂਦਾ ਹੈ ਅਤੇ ਭਾਰੀ ਗਿਣਤੀ ਵਿੱਚ ਖਾਲੀ ਪਦਾਂ ਦੀ ਵਜਾਹ ਕਰਕੇ ਰਨਿੰਗ ਸਟਾਫ ਉੱਤੇ ਬਹੁਤ ਬੋਝ ਪੈਂਦਾ ਹੈ। ਬੱਜਟ ਵਿੱਚ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਦਾ ਕੋਈ ਜਿਕਰ ਨਹੀਂ ਹੈ। ਇਹਦੇ ੳਲਟ ਰੇਲ ਮੰਤਰੀ, ਰੇਲਵੇ ਮਜਦੂਰ ਦੀ ਉਤਪਾਦਕਤਾ ਨੂੰ ਤਥਾਕਥਿਤ ਵਿਸ਼ਵ-ਪੱਧਰੀ ਬਣਾਉਣਾ ਚਾਹੁੰਦਾ ਹੈ। ਲੇਕਿਨ ਮਜਦੂਰਾਂ ਦੀਆਂ ਰਹਿਣ ਅਤੇ ਕੰਮ ਕਰਨ ਦੀਆਂ ਹਾਲਤਾਂ ਨੂੰ ਬੇਹਤਰ ਬਣਾਏ ਵਗੈਰ ਉਤਪਾਦਕਤਾ ਕਿਵੇਂ ਬੇਹਤਰ ਬਣਾਈ ਜਾ ਸਕਦੀ ਹੈ?

**ਮ.ਏ.ਲ.: ਰੇਲ ਮੰਤਰੀ ਨੇ ਕਿਹਾ ਹੈ ਕਿ ਰੇਲਵੇ ਦੇ ਸੁਧਾਰ ਦੇ ਲਈ ਜਬਰਦਸਤ ਧਨ ਰਾਸ਼ੀ ਦਾ ਕਰਜਾ ਲਿਆ ਜਾਵੇਗਾ, ਤਾਂ ਇਸ ਕਰਜੇ ਦਾ ਬੋਝ ਕੌਣ ਸਹਾਰੇਗਾ?**

**ਕਾ. ਐਮ.ਐਨ. ਪ੍ਰਸਾਦ:** ਬੱਜਟ ਵਿੱਚ ਇਹ ਸਾਫ ਨਹੀਂ ਕੀਤਾ ਗਿਆ ਕਿ ਅਗਲੇ ਪੰਜ ਸਾਲਾਂ ਦੁਰਾਨ ਰੇਲਵੇ ਲਈ ਮਿਥੀ ਗਈ 8.56 ਲੱਖ ਕਰੋੜ ਦੀ ਰਕਮ ਕਿੱਥੋਂ ਆਵੇਗੀ। ਇਹ ਰਕਮ ਜਿੱਥੋਂ ਵੀ ਆਵੇ ਪਰ ਅੰਤ ਵਿੱਚ ਇਹਦਾ ਬੋਝ ਮਜਦੂਰਾਂ, ਰੇਲ ਯਾਤਰੀਆਂ ਅਤੇ ਹੋਰ ਰੇਲ ਉਪਭੋਗਤਾਵਾਂ ਤੋਂ ਹੀ ਵਸੂਲਿਆ ਜਾਵੇਗਾ। ਆਖਰ ਇਹਦਾ ਬੋਝ ਹਿੰਦੋਸਤਾਨ ਦੇ ਲੋਕਾਂ ਉੱਤੇ ਹੀ ਪਵੇਗਾ। ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ, ਰੇਲ ਦੇ ਕਿਰਾਇਆਂ-ਭਾੜਿਆਂ ਵਿਚ ਜਬਰਦਸਤ ਵਾਧਾ ਪਹਿਲੋਂ ਕੀਤਾ ਜਾ ਚੁੱਕਿਆ ਹੈ ਤਾਂ ਕਿ ਦੇਖਣ ਨੂੰ ਬੱਜਟ ਚੰਗਾ ਲੱਗੇ।

**ਮ.ਏ.ਲ.:ਰੇਲਵੇ ਦੇ ਕਿਹੜੇ-ਕਿਹੜੇ ਵਿਭਾਗਾਂ ਦਾ ਨਿੱਜੀਕਰਣ ਹੋਇਆ ਹੈ ਜਾਂ ਕਰਨ ਦੀ ਯੋਜਨਾ ਹੈ?**

**ਕਾ. ਐਮ.ਐਨ. ਪ੍ਰਸਾਦ:** ਰੇਲ ਮੰਤਰਾਲਾ ਰੇਲਵੇ ਵਿੱਚ ਨਿੱਜੀ ਪੂੰਜੀ ਨਿਵੇਸ਼ ਦਾ ਇਛੁੱਕ ਹੈ ਅਤੇ ਅਪਰੇਸ਼ਨਜ਼ ਵਰਗੇ ਇੱਕ-ਦੋ ਵਿਭਾਗਾਂ ਨੂੰ ਛੱਡ ਕੇ ਬਾਕੀਆਂ ਵਿੱਚ ਨਿੱਜੀਕਰਣ ਪ੍ਰਕ੍ਰਿਆ ਜਾਰੀ ਹੈ। ਰੇਲ ਮੰਤਰਾਲਾ ਰੇਲਵੇ ਵਿੱਚ ਸਿੱਧਾ ਵਿਦੇਸ਼ੀ ਨਿਵੇਸ਼ ਲਿਆਉਣਾ ਚਾਹੁੰਦਾ ਹੈ। ਨਿੱਜੀਕਰਣ ਨੂੰ ਠੇਕੇਦਾਰੀ ਪ੍ਰਕ੍ਰਿਆ ਦੇ ਜਰੀਏ ਲਿਆਂਦਾ ਜਾ ਰਿਹਾ ਹੈ। ਕੋਈ ਨਿੱਜੀ ਸਰਮਾਏਦਾਰ ਆਖਰਕਾਰ ਰੇਲਵੇ 'ਚ ਪੂੰਜੀ ਕਿਉਂ ਲਗਾਏਗਾ? ਜ਼ਾਹਰ ਹੈ ਕਿ ਅਗਰ ਉਸਨੂੰ ਅਜੇਹੇ ਨਿਵੇਸ਼ ਤੋਂ ਮੋਟਾ ਮੁਨਾਫਾ ਮਿਲੇਗਾ ਤਦ ਹੀ ਉਹ ਆਪਣੀ ਪੂੰਜੀ ਰੇਲਵੇ ਵਿੱਚ ਪਾਵੇਗਾ। ਇਹਦੇ ਲਈ ਸਰਮਾਏਦਾਰ ਚਾਹੁੰਣਗੇ ਕਿ ਸੱਭ ਕੰਮ ਠੇਕਾ ਪ੍ਰਥਾ ਅਨੁਸਾਰ ਕਰਵਾਏ ਜਾਣ ਅਤੇ ਸਰਕਾਰ ਵੀ ਅਜੇਹਾ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੀ ਹੈ। ਸਰਕਾਰ ਨੇ ਬਿਹਾਰ ਦੇ ਮਾਧੇਪੁਰ 'ਚ ਬਿਜਲਈ ਰੇਲ ਇੰਜਣ ਅਤੇ ਮਰਹੋਰਾ 'ਚ ਡੀਜ਼ਲ ਰੇਲ ਇੰਜਣ ਬਣਾਉਣ ਲਈ ਐਫ.ਡੀ.ਆਈ. ਦੇ ਪ੍ਰਸਤਾਵ ਮੰਗਵਾਏ ਹਨ। ਪ੍ਰੰਤੂ ਵਿਦੇਸ਼ੀ ਸਰਮਾਏਦਾਰ ਕਿਸ ਹੱਦ ਤਕ ਆਉਣਗੇ, ਉਹ ਤਾਂ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਕਿਰਤ ਕਨੂੰਨਾਂ 'ਚ ਕਿੰਨੀ ਢਿੱਲ ਦਿੱਤੀ ਜਾਂਦੀ ਹੈ।

**ਮ.ਏ.ਲ.: ਕੀ ਰੇਲਵੇ 'ਚ ਨਵੀਂਆਂ ਭਰਤੀਆਂ ਹੋ ਰਹੀਆਂ ਹਨ?**

**ਕਾ. ਐਮ.ਐਨ. ਪ੍ਰਸਾਦ:** ਸਹਾਇਕ ਲੋਕੋ ਪਾਇਲਟਾਂ ਤੋਂ ਇਲਾਵਾ, ਰੇਲਵੇ ਭਰਤੀਆਂ ਉੱਤੇ ਪੂਰੀ ਰੋਕ ਲੱਗੀ ਹੋਈ ਹੈ। ਰੇਲਵੇ ਵਿੱਚ ਕਰਮਚਾਰੀਆਂ ਦੀ ਸਵੀਕਰਿਤ ਸੰਖਿਆ 13 ਲੱਖ ਹੈ ਪਰ ਦੇਸ਼-ਭਰ ਵਿੱਚ ਸਿਰਫ 11 ਲੱਖ ਕਰਮਚਾਰੀ ਹੀ ਹਨ, ਜਾਣੀ ਕਿ 2 ਲੱਖ ਕਰਮਚਾਰੀਆਂ ਦੀ ਘਾਟ ਹੈ।



**ਮ.ਏ.ਲ.: ਰੇਲਵੇ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਕੀ ਸਮੱਸਿਆਵਾਂ ਹਨ?**

**ਕਾ. ਐਮ.ਐਨ. ਪ੍ਰਸਾਦ:** ਅਲੱਗ-ਅਲੱਗ ਵਿਭਾਗਾਂ ਦੇ ਕਰਮਚਾਰੀਆਂ ਦੀਆਂ ਅਲੱਗ-ਅਲੱਗ ਸਮੱਸਿਆਵਾਂ ਹਨ। ਜੋ ਆਮ ਸਮੱਸਿਆਵਾਂ ਹਨ ਉਨ੍ਹਾਂ 'ਚ ਨਾਕਾਫੀ ਪੇ-ਬੈਂਡ ਜਾਂ ਗਰੇਡ-ਪੇ, ਕੰਮ ਦੇ ਲੰਬੇ ਘੰਟੇ, ਅਰਾਮ ਲਈ ਨਾਕਾਫੀ ਸਮਾਂ, ਅਧਿਕਾਰੀਆਂ ਦਾ ਨੌਕਰਸ਼ਾਹ ਰਵੱਈਆ, ਨਾਕਾਫੀ ਅਤੇ ਘਟੀਆ ਰਿਹਾਇਸ਼ਾਂ, ਹਸਪਤਾਲਾਂ ਅਤੇ ਸਕੂਲਾਂ ਦੀ ਘਾਟ, ਰੇਲਵੇ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ, ਇਤਿਆਦਿ ਸ਼ਾਮਲ ਹਨ।

**ਮ.ਏ.ਲ.: ਯਾਤਰੀਆਂ ਦੀ ਸੁਰੱਖਿਆ ਅਤੇ ਸਹੂਲਤਾਂ ਨੂੰ ਦੇਖਦੇ ਹੋਏ, ਕਿਸ ਤਰ੍ਹਾਂ ਦੇ ਢਾਂਚਾਗਤ ਸੁਧਾਰ ਹੋਣੇ ਚਾਹੀਦੇ ਹਨ? ਤੁਹਾਡੇ ਕੀ ਸੁਝਾਅ ਹਨ?**

**ਕਾ. ਐਮ.ਐਨ. ਪ੍ਰਸਾਦ:** ਏ.ਆਈ.ਐਲ.ਆਰ.ਐਸ.ਏ. ਦੀ ਲੰਬੇ ਅਰਸੇ ਤੋਂ ਮੰਗ ਰਹੀ ਹੈ ਕਿ ਕਾਕੋਡਕਰ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਜਾਵੇ। ਡਾ. ਅਨਿਲ ਕਾਕੋਡਕਰ, ਜੋ ਪ੍ਰਮਾਣੂ ਉਰਜਾ ਅਯੋਗ ਦੇ ਸਾਬਕਾ ਮੁੱਖੀ ਹਨ, ਉਨ੍ਹਾਂ ਨੇ ਰੇਲਵੇ ਵਲੋਂ ਗਠਿਤ ਇੱਕ ਉੱਚ ਪੱਧਰੀ ਕਮੇਟੀ ਦੀ ਅਗਵਾਈ ਕੀਤੀ ਸੀ ਅਤੇ ਰੇਲਗੱਡੀਆਂ 'ਚ ਸੁਰੱਖਿਆ ਦੇ ਸਾਰੇ ਪਹਿਲੂਆਂ 'ਤੇ ਗੌਰ ਕੀਤਾ ਸੀ। ਉਨ੍ਹਾਂ ਨੇ ਆਪਣੀ ਰਿਪ੍ਰੋਟ 2012 ਵਿੱਚ ਪੇਸ਼ ਕੀਤੀ ਸੀ। ਪਿਛਲੇ ਤਿੰਨ ਸਾਲਾਂ ਤੋਂ ਵੱਖ-ਵੱਖ ਸਰਕਾਰਾਂ ਅਤੇ ਰੇਲ ਮੰਤਰੀਆਂ ਨੇ ਇਹਦੇ 'ਤੇ ਕੋਈ ਕਾਰਵਾਈ ਨਹੀਂ ਕੀਤੀ। ਹੁਣ ਸੁਰੇਸ਼ ਪ੍ਰਭੂ ਨੇ ਕਿਹਾ ਹੈ ਕਿ ਉਹ ਇਸਨੂੰ ਦੇਖਣਗੇ! ਅਗਰ ਉਹ ਇਨ੍ਹਾਂ ਸਿਫਾਰਸ਼ਾਂ 'ਤੇ ਅਮਲ ਕਰਦੇ ਹਨ ਅਸੀਂ ਉਹਦਾ ਸਵਾਗਤ ਕਰਾਂਗੇ। ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਸਿਫਾਰਸ਼ਾਂ ਨੂੰ ਪੂਰਨ ਰੂਪ 'ਚ ਲਾਗੂ ਕੀਤਾ ਜਾਵੇ।

ਇਸਤੋਂ ਇਲਾਵਾ, ਲੋਕੋ ਪਾਇਲਟਾਂ ਦੇ ਕੰਮ ਦੇ ਘੰਟੇ 8 ਤਕ ਸੀਮਤ ਕੀਤੇ ਜਾਣੇ ਚਾਹੀਦੇ ਹਨ, ਰਾਤ ਦੀਆਂ ਦੋ ਸ਼ਿਫਟਾਂ ਤੋਂ ਬਾਦ ਇੱਕ ਪੂਰੇ ਦਿਨ ਦਾ ਅਰਾਮ ਮਿਲਨਾ ਚਾਹੀਦਾ ਹੈ। ਸੱਭ ਅਰਾਮ-ਘਰਾਂ ਅਤੇ ਕਰੂ ਲਾਬੀਜ਼ ਵਿੱਚ ਏਅਰ ਕੰਡੀਸ਼ਨ ਹੋਣੇ ਚਾਹੀਦੇ ਹਨ, ਸੱਭ ਇੰਜਣਾਂ ਵਿੱਚ ਪਖਾਨੇ ਦੀ ਸੁਵਿਧਾ ਹੋਣੀ ਚਾਹੀਦੀ ਹੈ, ਕਿਸੇ ਵੀ ਲੋਕੋ ਪਾਇਲਟ ਨੂੰ 36 ਘੰਟੇ ਤੋਂ ਜਿਆਦਾ ਉਹਦੇ ਸ਼ਹਿਰ ਤੋਂ ਦੂਰ ਨਹੀਂ ਰੱਖਿਆ ਜਾਣਾ ਚਾਹੀਦਾ, ਰੂਟ ਰਿਲੇ ਇੰਟਰਲਾਕਿੰਗ ਕੇਬਿਨਾਂ ਦੇ ਉਪਕਰਨਾਂ ਨੂੰ ਠੀਕ ਹਾਲਤ 'ਚ ਰੱਖਿਆ ਜਾਣਾ ਚਾਹੀਦਾ ਹੈ ਅਤੇ ਪੁਰਾਣੇ 'ਤੇ ਸੜੇ ਹੋਏ ਉਪਕਰਨਾਂ ਨੂੰ ਬਦਲਿਆ ਜਾਣਾ ਚਾਹੀਦਾ ਹੈ।

**ਮ.ਏ.ਲ.: ਕਾਮਰੇਡ ਪ੍ਰਸਾਦ, ਆਪਣੇ ਵਿਚਾਰਾਂ ਤੋਂ ਜਾਣੂੰ ਕਰਵਾਉਣ ਲਈ ਤੁਹਾਡਾ ਬਹੁਤ-ਬਹੁਤ ਸ਼ੁਕਰੀਆ।**

# ਕੇਂਦਰੀ ਬੱਜਟ-2015...

ਸਫਾ 1 ਦੀ ਬਾਕੀ

ਵਿਚ ਮੱਦਦ ਕਰੇਗੀ, ਉਨ੍ਹਾਂ ਨੂੰ ਘੱਟ ਤੋਂ ਘੱਟ ਟੈਕਸ ਦੇਣਾ ਪਵੇਗਾ, ਉਨ੍ਹਾਂ ਨੂੰ ਦੇਸ਼ ਵਿਚ ਪੂੰਜੀ ਲਿਆਉਣ ਅਤੇ ਦੇਸ਼ ਵਿਚੋਂ ਪੂੰਜੀ ਲੈ ਕੇ ਜਾਣ ਦੀ ਬੇਰੋਕ ਛੋਟ ਹੋਵੇਗੀ। ਇਸ ਦੇ ਹਵਾਲੇ ਨਾਲ ਕਿਹਾ ਜਾ ਰਿਹਾ ਹੈ ਕਿ ਮੋਦੀ ਸਰਕਾਰ ਦੇ ਬੱਜਟ ਦਾ ਟੀਚਾ ਹੈ "ਹਿੰਦੁਸਤਾਨ ਵਿਚ ਕਾਰੋਬਾਰ ਚਲਾਉਣ ਦੀ ਸਹੂਲਤ" ਨਾਲ ਤਰੱਕੀ ਕਰਨਾ। ਇਸ ਦਾ ਮਤਲਬ ਹੈ ਕਿ ਸਰਕਾਰ ਕਿਰਤ ਕਾਨੂੰਨਾਂ ਨੂੰ ਹੋਰ ਕਮਜ਼ੋਰ ਕਰੇਗੀ, ਸੁਰੱਖਿਆ ਕਾਨੂੰਨਾਂ ਨੂੰ ਹੋਰ ਘਟਾ ਦੇਵੇਗੀ, ਲੋਕਾਂ ਦੀ ਸਹਿਮਤੀ ਦੇ ਬਿਨਾਂ ਅਤੇ ਪ੍ਰਭਾਵਤ ਲੋਕਾਂ ਦੇ ਸਮਾਂਬੱਧ ਪੁਨਰਵਾਸ ਅਤੇ ਪੁਨਰਸਥਾਪਨ ਦੇ ਬਿਨਾਂ ਹੀ ਜ਼ਮੀਨ ਅਕਵਾਇਰੀਕਰਣ ਨੂੰ ਆਸਾਨ ਬਣਾਏਗੀ, ਫੈਕਟਰੀਆਂ ਨੂੰ ਬੰਦ ਕਰਨ ਅਤੇ ਮਜ਼ਦੂਰਾਂ ਦੀ ਛਾਂਟੀ ਕਰਨ 'ਤੇ ਪਾਬੰਦੀਆਂ ਨੂੰ ਹਟਾ ਦੇਵੇਗੀ, ਪੂੰਜੀਪਤੀਆਂ ਲਈ ਢਾਂਚਾਗਤ ਸੇਵਾਵਾਂ ਉਪਲੱਬਧ ਕਰਵਾਏਗੀ, ਆਦਿ। "ਮੇਕ ਇਨ ਇੰਡਿਆ" ਦਾ ਨਾਅਰਾ ਦੇ ਕੇ ਇਹ ਸਰਕਾਰ ਦਾਅਵਾ ਕਰ ਰਹੀ ਹੈ ਕਿ ਵਿਕਾਸ ਤਦ ਹੀ ਸੰਭਵ ਹੋਵੇਗਾ ਜਦ ਪੂੰਜੀਪਤੀਆਂ ਦੇ ਜ਼ਿਆਦਾ ਮੁਨਾਫਿਆਂ 'ਤੇ ਰੋਕ ਨਹੀਂ ਹੋਵੇਗੀ। ਸਰਕਾਰ ਨੇ ਦੇਸੀ ਅਤੇ ਵਿਦੇਸ਼ੀ ਪੂੰਜੀਪਤੀਆਂ ਦੇ ਹਿੱਤ ਵਿਚ ਕਿਰਤ ਕਾਨੂੰਨਾਂ ਨੂੰ ਹੋਰ ਨਰਮ ਬਣਾਉਮ ਦੀ ਦਿਸ਼ਾ ਵਿਚ ਪਹਿਲਾਂ ਤੋਂ ਹੀ ਕਈ ਕਦਮ ਚੁੱਕੇ ਹਨ।

ਸੱਤਾ ਵਿਚ ਆਉਣ ਦੇ ਬਾਅਦ ਮੋਦੀ ਸਰਕਾਰ ਨੇ ਵਿੱਤ ਪੂੰਜੀ ਦੇ ਹਿੱਤ ਵਿਚ ਬਹੁਤ ਸਾਰੀਆਂ ਆਕਰਸ਼ਕ ਸ਼ਰਤਾਂ ਅਤੇ ਕਈ ਪਾਬੰਦੀਆਂ ਦੇ ਹਟਾਏ ਜਾਣ ਦਾ ਐਲਾਨ ਕੀਤਾ ਹੈ। ਪਰ ਇਸ ਦੇ ਬਾਵਜੂਦ, ਨਵੀਂ ਉਤਪਾਦਕ ਯੋਗਤਾ 'ਤੇ ਆਪਣੀ ਪੂੰਜੀ ਲਗਾਉਣ ਲਈ ਨਾ ਤਾਂ ਹਿੰਦੁਸਤਾਨੀ ਪੂੰਜੀਪਤੀ ਅੱਗੇ ਆ ਰਹੇ ਹਨ ਅਤੇ ਨਾ ਹੀ ਵਿਦੇਸ਼ੀ ਪੂੰਜੀਪਤੀ। ਪੂੰਜੀਪਤੀ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਹਨ ਕਿ ਮਿਹਨਤਕਸ਼ਾਂ ਦੇ ਕੋਲ ਨਵੀਆਂ-ਨਵੀਆਂ ਚੀਜ਼ਾਂ ਖਰੀਦਣ ਲਈ ਬਹੁਤ ਘੱਟ ਪੈਸਾ ਬਚਿਆ ਹੈ। ਪੂੰਜੀਪਤੀਆਂ ਨੇ ਹੁਣ ਮੋਦੀ ਸਰਕਾਰ ਨੂੰ ਇਹ ਯਕੀਨ ਦਿਵਾਇਆ ਹੈ ਕਿ ਰਾਜ ਨੂੰ ਉਨ੍ਹਾਂ ਢਾਂਚਾਗਤ ਸੰਰਚਨਾਵਾਂ, ਜਿਨ੍ਹਾਂ ਦੀ ਨਿੱਜੀ ਪੂੰਜੀਪਤੀਆਂ ਨੂੰ ਜ਼ਰੂਰਤ ਹੈ, ਵਿਚ ਪੂੰਜੀ ਨਿਵੇਸ਼ ਕਰਨ ਲਈ ਹੋਰ ਕਰਜ਼ਾ ਲੈਣਾ ਚਾਹੀਦਾ ਹੈ। ਪੂੰਜੀਪਤੀਆਂ ਦੀ ਇਹ ਮੰਗ ਹੈ ਕਿ ਸਰਕਾਰ ਅਜੇ ਆਪਣੇ ਖਰਚ ਵਿਚ ਕਟੌਤੀ ਨਾ ਕਰੇ ਜਿਵੇਂ ਕਿ ਵਿਦੇਸ਼ੀ ਮੁਲਾਂਕਣ ਏਜੰਸੀਆਂ ਮੰਗ ਕਰ ਰਹੀਆਂ ਸਨ। ਇਸ ਲਈ ਸਰਕਾਰ ਹੁਣ ਇਹ ਮੰਨ ਗਈ ਹੈ ਕਿ ਇਸ ਬੱਜਟ ਵਿਚ ਪਹਿਲਾਂ ਜਿੰਨੇ ਵਿੱਤੀ ਘਾਟੇ ਦਾ ਅੰਦਾਜ਼ਾ ਕੀਤਾ ਗਿਆ ਸੀ, ਹੁਣ ਉਸ ਤੋਂ ਜ਼ਿਆਦਾ ਵਿੱਤੀ ਘਾਟਾ ਰੱਖਿਆ ਜਾਵੇਗਾ।

ਇਸ ਦੇ ਨਾਲ-ਨਾਲ, ਜਿਵੇਂ-ਜਿਵੇਂ ਵਿੱਤੀ ਵਰ੍ਹਾ ਅੱਗੇ ਵਧੇਗਾ, ਉਵੇਂ-ਉਵੇਂ ਵਿੱਤ ਮੰਤਰੀ ਵਧਦੇ ਵਿੱਤੀ ਘਾਟੇ ਦਾ ਹਊਆ ਖੜ੍ਹਾ ਕਰਕੇ, ਬੱਜਟ ਵਿਚ ਐਲਾਨ ਕੀਤੇ ਗਏ ਹੋਰ ਨਿਰਧਾਰਤ ਖਰਚਿਆਂ ਵਿਚ ਕਟੌਤੀ ਕਰਨਾ ਜਾਇਜ਼ ਦੱਸਣਗੇ। ਪੂੰਜੀਵਾਦੀ ਅਰਥਸ਼ਾਸਤਰੀ ਬੱਜਟ ਵਿਚ ਵਿੱਤੀ ਘਾਟੇ ਦੇ ਵਿਸ਼ੇ ਨੂੰ ਦੋਵਾਂ ਤਰੀਕਿਆਂ ਨਾਲ ਇਸਤੇਮਾਲ ਕਰਦੇ ਹਨ, ਜੋ ਦੋਵੇਂ ਹੀ ਪੂੰਜੀਪਤੀਆਂ ਦੇ ਹਿੱਤ ਵਿਚ ਹੁੰਦੇ ਹਨ। ਇੱਕ ਪਾਸੇ ਕਿਹਾ ਜਾਂਦਾ ਹੈ ਕਿ ਪੂੰਜੀਪਤੀਆਂ ਦੇ ਹਿੱਤ ਵਿਚ "ਵਿਕਾਸ" ਕਰਨ ਲਈ ਜ਼ਿਆਦਾ ਵਿੱਤੀ ਘਾਟਾ ਸਹਿਣਾ ਪਵੇਗਾ। ਦੂਜੇ ਪਾਸੇ ਇਹ ਕਿਹਾ ਜਾਂਦਾ ਹੈ ਕਿ ਵਿੱਤੀ ਘਾਟੇ ਨੂੰ ਕਾਬੂ ਵਿੱਚ ਰੱਖਣ ਲਈ ਜਨਤਾ ਦੀਆਂ ਸਮਾਜਿਕ ਸੇਵਾਵਾਂ - ਰਿਹਾਇਸ਼, ਭੋਜਨ, ਸਿੱਖਿਆ, ਸਿਹਤ- ਸੇਵਾ, ਆਦਿ - 'ਤੇ ਸਰਕਾਰੀ ਖਰਚ ਵਿਚ ਕਟੌਤੀ ਕਰਨੀ ਪਵੇਗੀ।

ਬੱਜਟ ਨੂੰ ਪੇਸ਼ ਕਰਦੇ ਹੋਏ ਆਪਣੇ ਭਾਸ਼ਣ ਵਿਚ ਵਿੱਤ ਮੰਤਰੀ ਨੇ ਇਹ ਸਵੀਕਾਰ ਕੀਤਾ ਕਿ ਬੀਤੇ ਵਰ੍ਹੇ ਦੌਰਾਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਆਮਦਨ ਘਟ ਗਈ ਹੈ, ਜਿਸ ਦੇ ਕਾਰਣ ਕਰੋੜਾਂ ਲੋਕਾਂ ਦਾ ਜੀਵਨ ਹੋਰ ਔਖਾ ਹੋ ਗਿਆ ਹੈ। ਕਿਸਾਨਾਂ ਨੂੰ ਸਥਾਈ ਕੀਮਤ 'ਤੇ ਚੰਗੀ ਗੁਣਵੱਤਾ ਦੇ ਸਮਾਨ ਮੁਹੱਈਆ ਕਰਵਾਉਣੇ ਪੈਣਗੇ ਤਾਂ ਕਿ ਦੇਸ਼ ਲਈ ਭੋਜਨ ਉਤਪਾਦਨ ਕਰਨ ਵਾਲੇ ਕਿਸਾਨ ਅਤੇ ਖੇਤ ਮਜ਼ਦੂਰ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਚਲਾ ਸਕਣ। ਪਰ ਸਰਕਾਰ ਵੱਲੋਂ ਗਠਿਤ ਕਮੇਟੀ ਨੇ ਇਸ ਦਾ ਉਲਟਾ ਹੀ ਪ੍ਰਸਤਾਵ ਕੀਤਾ ਹੈ। ਉਸ ਨੇ ਭਾਰਤੀ ਖਾਦ ਨਿਗਮ, ਜੋ ਹੁਣ ਸਰਕਾਰ ਵੱਲੋਂ ਐਲਾਨੇ ਗਏ ਸਮਰਥਨ ਮੁੱਲ 'ਤੇ ਕਿਸਾਨਾਂ ਤੋਂ ਅਨਾਜ ਖਰੀਦਦਾ ਹੈ, ਨੂੰ ਖਤਮ ਕਰਨ ਦਾ ਪ੍ਰਸਤਾਵ ਕੀਤਾ ਹੈ।

ਮੋਦੀ ਸਰਕਾਰ ਇਹ ਕਹਿੰਦੀ ਹੈ ਕਿ 2022 ਤੱਕ ਹਰੇਕ ਹਿੰਦੁਸਤਾਨੀ ਦਾ ਆਪਣਾ ਘਰ ਹੋਵੇਗਾ, ਕਿ ਇਸ ਦੇ ਲਈ ਸ਼ਹਿਰੀ ਇਲਾਕਿਆਂ ਵਿਚ ਦੋ ਕਰੋੜ ਨਵੇਂ ਘਰ ਅਤੇ ਪੇਂਡੂ ਇਲਾਕਿਆਂ ਵਿਚ ਚਾਰ ਕਰੋੜ ਨਵੇਂ ਘਰ ਬਣਾਏ ਜਾਣਗੇ। ਪਰ ਇਸ ਕੰਮ ਲਈ ਬੱਜਟ ਵਿਚ ਸਿਰਫ਼ 14,000 ਕਰੋੜ ਨਿਰਧਾਰਤ ਕੀਤੇ ਗਏ ਹਨ, ਯਾਨੀ ਕਿ 2300 ਰੁਪਏ ਪ੍ਰਤੀ ਘਰ। ਸਰਕਾਰ ਨੇ ਪੂਰੇ ਦੇਸ਼ ਵਿਚ "ਬੇਟੀ ਬਚਾਓ, ਬੇਟੀ ਪੜ੍ਹਾਓ" ਦੀ ਮੁਹਿੰਮ ਚਲਾਈ ਹੈ, ਪਰ ਮਹਿਲਾ ਅਤੇ ਬਾਲ ਵਿਕਾਸ ਦੇ ਸਾਰੇ ਸਰਕਾਰੀ ਪ੍ਰੋਗਰਾਮਾਂ ਲਈ ਨਿਰਧਾਰਤ ਸਿਰਫ਼ 20,000 ਕਰੋੜ ਰੁਪਏ ਨੂੰ ਕਾਫੀ ਮੰਨਦੀ ਹੈ।

ਸਾਬਕਾ ਬੱਜਟਾਂ ਦੀ ਤਰ੍ਹਾਂ ਇਸ ਵਿਚ ਵੀ ਦੋ ਸੱਭ ਤੋਂ ਵੱਡੇ ਖਰਚੇ ਹਨ ਇਜਾਰੇਦਾਰ ਪੂੰਜੀਪਤੀਆਂ ਦੇ ਵਿਆਜ਼ ਦਾ ਭੁਗਤਾਨ ਅਤੇ ਜੰਗ ਦੀ ਤਿਆਰੀ 'ਤੇ ਖਰਚ ਜਦਕਿ ਬੀਤੇ ਵਰ੍ਹੇ ਨਵੇਂ ਹਥਿਆਰਾਂ ਦੀ ਖਰੀਦਦਾਰੀ 'ਤੇ 2.22 ਲੱਖ ਕਰੋੜ ਰੁਪਏ ਦਾ ਅੰਦਾਜ਼ਾ ਸੀ, ਜੋ ਇਸ ਬਜਟ ਵਿਚ ਨਵੇਂ ਹਥਿਆਰਾਂ ਦੀ ਖਰੀਦਦਾਰੀ 'ਤੇ ਖਰਚ ਨੂੰ ਫਿਰ ਤੋਂ ਲਗਭਗ 11 ਫੀਸਦੀ ਵਧਾਇਆ ਗਿਆ ਹੈ। ਸਰਕਾਰ ਇਹ ਯਕੀਨੀ ਕਰਨਾ ਚਾਹੁੰਦੀ ਹੈ ਕਿ ਹਿੰਦੁਸਤਾਨ ਦੁਨੀਆ ਦੇ ਸੱਭ ਤੋਂ ਵੱਡੇ ਹਥਿਆਰ ਖਰੀਦਦਾਰਾਂ ਵਿਚ ਆਪਣੀ ਜਗ੍ਹਾ ਬਣਾਈ ਰੱਖੇ ਜਿਵੇਂ ਕਿ ਉਸ ਨੇ ਬੀਤੇ 3 ਵਰ੍ਹਿਆਂ ਦੌਰਾਨ ਕੀਤਾ ਹੈ। ਵਿੱਤੀ ਪੂੰਜੀਪਤੀਆਂ ਲਈ ਬੱਜਟ ਦਾ ਸੱਭ ਤੋਂ ਵੱਡਾ ਹਿੱਸਾ ਨਿਯੁਕਤ ਕੀਤਾ ਗਿਆ ਹੈ, ਜਿਸ ਲਈ ਪ੍ਰਤੀ ਰੁਪਏ 'ਤੇ 20 ਪੈਸੇ ਦਾ ਵਿਆਜ ਭੁਗਤਾਨ ਕੀਤਾ ਜਾਵੇਗਾ।

ਇਸ ਬੱਜਟ ਵਿਚ ਪੂੰਜੀਪਤੀਆਂ ਦੀ ਅਮੀਰੀ ਨੂੰ ਵਧਾਉਣ ਅਤੇ ਮਿਹਨਤਕਸ਼ਾਂ ਨੂੰ ਲੁੱਟਣ ਦੇ ਸਰਕਾਰ ਵੱਲੋਂ ਐਲਾਨ ਇਨ੍ਹਾਂ ਸਾਰੇ ਜਨ-ਵਿਰੋਧੀ ਕਦਮਾਂ ਨਾਲ ਹੁਣ ਲੋਕਾਂ ਦੀਆਂ ਨਜ਼ਰਾਂ ਵਿਚ ਇਹ ਸਪੱਸ਼ਟ ਹੋਣ ਲੱਗਿਆ ਹੈ ਕਿ ਮੋਦੀ ਸਰਕਾਰ ਦੇ ਚੰਗੇ ਦਿਨ ਸਿਰਫ਼ ਪੂੰਜੀਪਤੀਆਂ ਲਈ ਹੀ ਹਨ। ਕੁੱਝ ਹੀ ਮਹੀਨਿਆਂ ਅੰਦਰ ਲੋਕ ਇਹ ਸਮਝਣ ਲੱਗੇ ਹਨ ਕਿ ਸੱਤਾ ਵਿਚ ਬੈਠੀ ਪਾਰਟੀ ਨੂੰ ਬਦਲਣ ਨਾਲ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਨਹੀਂ ਹੋਣ ਵਾਲੀਆਂ।

ਇਹ ਸਪੱਸ਼ਟ ਹੈ ਕਿ ਪੂੰਜੀਵਾਦੀ ਸਮਾਜ ਵਿਚ ਅਰਥਵਿਵਸਥਾ ਦੀ ਦਿਸ਼ਾ ਪੂੰਜੀਪਤੀਆਂ ਦੇ ਮੁਨਾਫਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਬਣਾਉਣ ਵਾਲੀ ਹੁੰਦੀ ਹੈ। ਚਾਹੇ ਕਾਂਗਰਸ ਪਾਰਟੀ ਦੀ ਸਰਕਾਰ ਹੋਵੇ ਜਾਂ ਭਾਜਪਾ ਦੀ, ਅਰਥਵਿਵਸਥਾ ਨੂੰ ਸ਼ਾਸਕ ਪੂੰਜੀਪਤੀ ਵਰਗ ਦੇ ਹਿੱਤ ਵਿਚ ਹੀ ਚਲਾਇਆ ਜਾਂਦਾ ਹੈ। ਸਾਮਰਾਜਵਾਦ ਦੇ ਮੌਜੂਦਾ ਯੁੱਗ ਵਿਚ, ਇਜਾਰੇਦਾਰ ਪੂੰਜੀਪਤੀਆਂ ਅਤੇ ਵਿੱਤੀ ਪੂੰਜੀਪਤੀਆਂ ਦੇ ਹਿੱਤ ਹੀ ਸੱਭ ਤੋਂ ਉੱਚੇ ਮੰਨੇ ਜਾਂਦੇ ਹਨ। ਪੂੰਜੀਪਤੀਆਂ ਦੀ ਜੇਬ ਭਰਨ ਲਈ ਲੋਕਾਂ ਨੂੰ ਲੁੱਟਿਆ ਜਾਂਦਾ ਹੈ। ਮੋਦੀ ਸਰਕਾਰ ਨੇ ਬੱਜਟ ਵਿਚ ਵੀ ਠੀਕ ਉਹੀ ਕੰਮ ਕੀਤਾ ਹੈ, ਜੋ ਉਸ ਨੂੰ ਦਿੱਤਾ ਗਿਆ ਸੀ। ■

## ਪੂੰਜੀਪਤੀਆਂ ਦੀ ਅਮੀਰੀ ਵਧਾਉਣ ਦੇ ਕਦਮ

1. ਮਿਹਨਤਕਸ਼ਾਂ ਦੇ ਸ਼ੋਸ਼ਣ ਨਾਲ ਪੂੰਜੀਪਤੀਆਂ ਵੱਲੋਂ ਕਮਾਏ ਗਏ ਪੈਸੇ 'ਤੇ ਧੰਨ-ਟੈਕਸ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਗਿਆ ਹੈ।
2. ਅਗਲੇ ਚਾਰ ਵਰ੍ਹਿਆਂ ਵਿਚ ਕੰਪਨੀਆਂ ਦੇ ਮੁਨਾਫਿਆਂ 'ਤੇ ਟੈਕਸ ਨੂੰ 30 ਫੀਸਦੀ ਤੋਂ ਘਟਾ ਕੇ 25 ਫੀਸਦੀ ਕੀਤਾ ਜਾਵੇਗਾ।
3. ਅਗਲੇ ਵਰ੍ਹੇ ਤੋਂ ਸਮਾਨ ਅਤੇ ਸੇਵਾ ਟੈਕਸ (ਜੀ.ਐਸ.ਟੀ.) ਲਾਗੂ ਕਰਨ ਦੀ ਯੋਜਨਾ ਹੈ, ਜਿਸ ਨਾਲ ਪੂੰਜੀਪਤੀਆਂ ਦੇ ਮੁਨਾਫੇ ਹੋਰ ਵਧਣਗੇ ਜਦਕਿ ਲੋਕਾਂ ਨੂੰ ਹਰ ਸਮਾਨ ਅਤੇ ਸੇਵਾ ਲਈ ਹੋਰ ਜ਼ਿਆਦਾ ਕੀਮਤ ਦੇਣੀ ਪਵੇਗੀ।
4. ਇੱਕ ਨਵਾਂ ਕਾਨੂੰਨ ਲਿਆਉਣ ਦੀ ਯੋਜਨਾ ਹੈ, ਜਿਸ ਨਾਲ ਕੰਪਨੀ ਆਪਣੇ ਆਪ ਨੂੰ ਦਿਵਾਲੀਆ ਐਲਾਨ ਕਰਕੇ ਬੰਦ ਕਰ ਸਕਦੀ ਹੈ। ਇਹ "ਕਾਰੋਬਾਰ ਚਲਾਉਣ ਦੀ ਸਹੂਲਤ" ਵਿਚ ਹੋਰ ਤਰੱਕੀ ਲਿਆਉਣ ਦੇ ਕਦਮਾਂ ਵਿਚੋਂ ਇਕ ਹੈ।
5. ਖੇਤੀ ਉਤਪਾਦਾਂ ਲਈ ਇੱਕ ਰਾਸ਼ਟਰੀ ਬਾਜ਼ਾਰ ਸਥਾਪਿਤ ਕਰਨ ਦੀ ਯੋਜਨਾ ਐਲਾਨੀ ਗਈ ਹੈ। ਇਸ ਨਾਲ ਵੱਡੀਆਂ-ਵੱਡੀਆਂ ਫੂਡ ਕੰਪਨੀਆਂ ਦੇਸ਼ ਵਿਚ ਸੱਭ ਤੋਂ ਸਸਤੇ ਸ੍ਰੋਤ ਨਾਲ ਆਪਣੀਆਂ ਜ਼ਰੂਰਤਾਂ ਨੂੰ ਖਰੀਦ ਸਕਣਗੀਆਂ ਅਤੇ ਜ਼ਿਆਦਾ ਤੋਂ ਜ਼ਿਆਦਾ ਮੁਨਾਫੇ 'ਤੇ ਉਨ੍ਹਾਂ ਨੂੰ ਵੇਚ ਸਕਣਗੀਆਂ।
6. ਇੱਕ ਰਾਸ਼ਟਰੀ ਢਾਂਚਾਗਤ ਪੂੰਜੀ-ਨਿਵੇਸ਼ ਕੋਸ਼ ਬਣਾਇਆ ਜਾਵੇਗਾ ਤਾਂ ਕਿ ਸਾਰੇ ਨੁਕਸਾਨਾਂ ਦਾ ਭਾਰ ਉਸ ਕੋਸ਼ 'ਤੇ ਪਾਇਆ ਜਾ ਸਕੇਗਾ ਅਤੇ ਢਾਂਚਾਗਤ ਖੇਤਰ ਵਿਚ ਪੂੰਜੀ-ਨਿਵੇਸ਼ ਤੋਂ ਪ੍ਰਾਪਤ ਹੋਣ ਵਾਲੇ ਸਾਰੇ ਮੁਨਾਫੇ ਪੂੰਜੀਪਤੀਆਂ ਦੀ ਜੇਬ ਵਿਚ ਜਾਣਗੇ।
7. ਵਿਦੇਸ਼ੀ ਪੂੰਜੀਪਤੀਆਂ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਉਨ੍ਹਾਂ ਦੇ ਮੁਨਾਫਿਆਂ ਦੀ ਰੱਖਿਆ ਕੀਤੀ ਜਾਵੇਗੀ ਕਿਉਂਕਿ ਆਮ ਵਿਰੋਧੀ ਪਰਿਹਾਰ ਨਿਯਮ (ਜੀ.ਏ.ਏ.ਆਰ.) ਨੂੰ ਕੇਂਦਰ ਸਰਕਾਰ ਅਗਲੇ ਦੋ ਵਰ੍ਹਿਆਂ ਤੱਕ ਲਾਗੂ ਨਹੀਂ ਕਰਨ ਵਾਲੀ।
8. ਵਿੱਤ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਸਿਹਤ ਬੀਮਾ ਦੀ ਹੱਦ ਨੂੰ 15000 ਤੋਂ ਵਧਾ ਕੇ 25000 ਰੁਪਏ ਬਣਾ ਕੇ, ਮਿਹਨਤਕਸ਼ਾਂ ਨੂੰ ਬਹੁਤ ਵੱਡਾ ਟੈਕਸ ਫਾਇਦਾ ਦਿੱਤਾ ਜਾ ਰਿਹਾ ਹੈ। ਅਸਲ ਵਿਚ ਇਹ ਸਿਹਤ ਬੀਮਾ ਕੰਪਨੀਆਂ ਦੀ ਮੰਗ ਨੂੰ ਪੂਰਾ ਕਰਨ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਇਹ ਕੰਪਨੀਆਂ ਸਿਹਤ ਬੀਮੇ 'ਤੇ ਹੋਰ ਜ਼ਿਆਦਾ ਪ੍ਰੀਮੀਅਮ ਵਸੂਲ ਕਰ ਸਕਣਗੀਆਂ ਅਤੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਸਿਹਤ ਬੀਮਾ ਖਰਦਣ ਨੂੰ ਪ੍ਰੇਰਿਤ ਕਰ ਸਕਣਗੀਆਂ। ਇਸ ਤਰ੍ਹਾਂ, ਨਿੱਜੀ ਸਿਹਤ ਬੀਮਾ ਕੰਪਨੀਆਂ ਦੇ ਮੁਨਾਫਿਆਂ ਨੂੰ ਵਧਾਉਣ ਲਈ, ਸੰਪੂਰਣ ਸਿਹਤ ਖੇਤਰ ਦੀ ਵਾਗਡੋਰ ਬੀਮਾ ਉਦਯੋਗ ਨੂੰ ਦੇ ਦਿੱਤੀ ਜਾਵੇਗੀ। ਕੁੱਝ ਸਮੇਂ ਬਾਅਦ, ਸਿਹਤ ਬੀਮਾ ਦੇ ਬਿਨਾ ਸਹੀ ਸਿਹਤ ਸੇਵਾ ਲੈ ਸਕਣਾ ਨਾਮੁਮਕਿਨ ਹੋ ਜਾਵੇਗਾ, ਜਿਵੇਂ ਕਿ ਅਮਰੀਕਾ ਅਤੇ ਕਈ ਹੋਰ ਦੇਸ਼ਾਂ ਵਿਚ ਹੋਇਆ ਹੈ।

## ਬਜਟ ਵਿਚ ਐਲਾਨੇ ਜਨ ਵਿਰੋਧੀ ਕਦਮ

1. ਸੇਵਾ ਟੈਕਸ ਨੂੰ ਮੌਜੂਦਾ 12.36 ਫੀਸਦੀ ਤੋਂ 14 ਫੀਸਦੀ ਵਧਾਇਆ ਜਾਵੇਗਾ ਅਤੇ ਬਹੁਤ ਸਾਰੀਆਂ ਨਵੀਂਆਂ ਸੇਵਾਵਾਂ 'ਤੇ ਇਹ ਟੈਕਸ ਲਗਾਇਆ ਜਾਵੇਗਾ। ਕੁੱਝ ਦਿਨਾਂ ਬਾਅਦ ਸੇਵਾ ਟੈਕਸ ਦੇ ਨਾਲ 2 ਫੀਸਦੀ ਸੜਕ ਸੈਸ ਜੋੜ ਦਿੱਤਾ ਜਾਵੇਗਾ, ਜਿਸ ਨਾਲ ਸੇਵਾ ਟੈਕਸ 16 ਫੀਸਦੀ ਹੋ ਜਾਵੇਗਾ। ਇਸ ਤਰ੍ਹਾਂ ਸੇਵਾ ਟੈਕਸ ਮੌਜੂਦਾ ਤੋਂ ਲੱਗਭਗ ਇੱਕ ਤਿਹਾਈ ਵਧ ਜਾਵੇਗਾ। ਸੇਵਾ ਟੈਕਸ ਇੱਕ ਅਪ੍ਰਤੱਖ ਟੈਕਸ ਹੈ ਜੋ ਸਾਰਿਆਂ 'ਤੇ ਸਮਾਨ ਦਰ ਨਾਲ ਲਾਗੂ ਹੁੰਦਾ ਹੈ, ਚਾਹੇ ਆਮਦਨੀ ਕਿੰਨੀ ਵੀ ਹੋਵੇ। ਹਰ ਨਵੇਂ ਬੱਜਟ ਦੇ ਨਾਲ ਲੋਕਾਂ 'ਤੇ ਅਪ੍ਰਤੱਖ ਟੈਕਸਾਂ ਦਾ ਭਾਰ ਵਧਦਾ ਜਾ ਰਿਹਾ ਹੈ। ਸੱਭ ਤੋਂ ਜ਼ਿਆਦਾ ਅਪ੍ਰਤੱਖ ਟੈਕਸ ਮਿਹਨਤਕਸ਼ ਲੋਕ ਹੀ ਦਿੰਦੇ ਹਨ।
2. ਕੋਲੇ 'ਤੇ ਸਾਫ਼ ਊਰਜਾ ਸੈਸ 100 ਰੁਪਏ ਤੋਂ ਵਧਾਇਆ ਜਾਵੇਗਾ, ਜਿਸ ਦੀ ਵਜ੍ਹਾ ਨਾਲ ਬਿਜਲੀ ਦੀ ਕੀਮਤ ਵਧੇਗੀ।
3. ਜਨਤਾ ਦੇ ਪੈਸੇ ਨਾਲ ਬਣਾਏ ਗਏ ਸਰਬਜਨਕ ਖੇਤਰ ਦਾ ਨਿੱਜੀਕਰਣ ਹੋਰ ਤੇਜ਼ੀ ਨਾਲ ਕੀਤਾ ਜਾਵੇਗਾ। ਜਦਕਿ ਮੌਜੂਦਾ ਵਰ੍ਹੇ ਦੌਰਾਨ ਸਰਬਜਨਕ ਖੇਤਰ ਦੇ ਨਿੱਜੀਕਰਣ ਨਾਲ 26,350 ਕਰੋੜ ਰੁਪਏ ਮਿਲੇ ਸਨ, ਤਾਂ ਟੀਚਾ ਹੈ ਅਗਲੇ ਵਰ੍ਹੇ ਦੌਰਾਨ 69,500 ਕਰੋੜ ਰੁਪਏ ਪ੍ਰਾਪਤ ਕਰਨਾ। ਕਈ ਹੋਰ ਸਰਬਜਨਕ ਖੇਤਰ ਦੇ ਕਾਰੋਬਾਰ ਅੰਸ਼ਕ ਜਾਂ ਪੂਰਣ ਰੂਪ ਵਿਚ ਪੂੰਜੀਪਤੀਆਂ ਨੂੰ ਦੇ ਦਿੱਤੇ ਜਾਣਗੇ, ਮਜ਼ਦੂਰਾਂ ਅਤੇ ਸਮਾਜ ਦੇ ਹਿੱਤਾਂ ਨੂੰ ਨਜ਼ਰ-ਅੰਦਾਜ਼ ਕੀਤਾ ਜਾਵੇਗਾ। ਸਰਬਜਨਕ ਖੇਤਰ ਦੇ ਬੈਂਕਾਂ ਤੋਂ ਰਾਜ ਦੇ ਪੂਰੀ ਤਰ੍ਹਾਂ ਹਟ ਜਾਣ ਲਈ ਪਹਿਲਾ ਕਦਮ, ਇੱਕ ਬੈਂਕਿੰਗ ਬੋਰਡ ਬਿਊਰੋ ਦੀ ਸਥਾਪਨਾ, ਕੀਤਾ ਗਿਆ ਹੈ ਅਤੇ ਅੱਗੇ ਜਾ ਕੇ ਇਸ ਬਿਊਰੋ ਨੂੰ ਸਾਰੇ ਸਰਬਜਨਕ ਖੇਤਰ ਬੈਂਕਾਂ ਦੀ ਧਾਰਕ ਕੰਪਨੀ ਬਣਾ ਦਿੱਤਾ ਜਾਵੇਗਾ। ਸਾਰੇ ਸਰਬਜਨਕ ਖੇਤਰ ਬੈਂਕਾਂ ਵਿਚ ਸਰਕਾਰ ਦੇ ਸ਼ੇਅਰਾਂ ਦਾ ਧਾਰਕ ਉਹ ਧਾਰਕ ਕੰਪਨੀ ਬਣ ਜਾਵੇਗੀ। ਸਾਰੇ ਸਰਬਜਨਕ ਖੇਤਰ ਦੇ ਬੰਦਰਗਾਹਾਂ ਨੂੰ ਕੰਪਨੀਆਂ ਵਿਚ ਬਦਲ ਦਿੱਤਾ ਜਾਵੇਗਾ ਜੋ ਉਨ੍ਹਾਂ ਦੇ ਨਿੱਜੀਕਰਣ ਦੇ ਵੱਲ ਪਹਿਲਾ ਕਦਮ ਹੈ।
4. ਅਲੱਗ ਅਲੱਗ ਸਮਾਜਿਕ ਜਨ ਸੇਵਾਵਾਂ ਦੇ ਬੱਜਟ ਵਿਚ ਲਗਭਗ 20 ਫੀਸਦੀ ਦੀ ਕਟੌਤੀ ਕੀਤੀ ਗਈ ਹੈ। ਸੱਭ ਤੋਂ ਜ਼ਿਆਦਾ ਕਟੌਤੀ ਮੁੱਢਲੀ ਸਿੱਖਿਆ ਵਿਚ ਕੀਤੀ ਗਈ ਹੈ। ਇਸ ਨਾਲ ਸਿੱਖਿਆ ਦਾ ਨਿੱਜੀਕਰਣ ਵਧੇਗਾ ਅਤੇ ਲੋਕਾਂ ਲਈ ਸਿੱਖਿਆ ਜ਼ਿਆਦਾ ਮਹਿੰਗੀ ਹੋ ਜਾਵੇਗੀ।
5. ਸਿਹਤ ਸੇਵਾ ਖੇਤਰ 'ਤੇ ਖਰਚ ਵਿਚ ਵੀ 20 ਫੀਸਦੀ ਕਟੌਤੀ ਕੀਤੀ ਗਈ ਹੈ। ਸਿਹਤ ਖੇਤਰ ਦੇ ਬੱਜਟ ਨੂੰ ਕ੍ਰਮਵਾਰ ਘਟਾਇਆ ਜਾ ਰਿਹਾ ਹੈ ਤਾਂਕਿ ਨਿੱਜੀ ਸਿਹਤ ਸੇਵਾ ਅਤੇ ਅਪ੍ਰਤੱਖ ਰੂਪ ਨਾਲ ਨਿੱਜੀ ਸਿਹਤ ਬੀਮਾ ਖੇਤਰ ਨੂੰ ਜ਼ਿਆਦਾ ਉਤਸ਼ਾਹਿਤ ਕੀਤਾ ਜਾ ਸਕੇ।
6. ਕ੍ਰਮਵਾਰ ਉਹ ਸਾਰੀਆਂ ਚੀਜ਼ਾਂ ਜੋ ਇਸ ਸਮੇਂ ਵਾਜਬ ਕੀਮਤ 'ਤੇ ਮੁਹੱਈਆ ਕਰਵਾਈਆਂ ਜਾਂਦੀਆਂ ਹਨ - ਭੋਜਨ, ਮਿੱਟੀ ਦਾ ਤੇਲ, ਰਸੋਈ ਗੈਸ, ਖਾਦ, ਆਦਿ - ਬਾਜ਼ਾਰ ਦੀ ਕੀਮਤ 'ਤੇ ਹੀ ਖਰੀਦਣੀਆਂ ਪੈਣਗੀਆਂ। ਉਨ੍ਹਾਂ ਲਈ ਸਬਸਿਡੀ ਨੂੰ ਸਿਰਫ਼ "ਪ੍ਰਤੱਖ ਲਾਭ ਸੰਚਾਰ" (ਡਾਇਰੈਕਟ ਬੈਨਿਫਿਟ ਟ੍ਰਾਂਸਫਰ) ਜ਼ਰੀਏ ਬੈਂਕ ਦੇ ਖਾਤੇ ਵਿਚ ਜਮ੍ਹਾ ਕੀਤਾ ਜਾਵੇਗਾ। ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਇਸ ਨਾਲ 'ਲੀਕੇਜ' ਯਾਨੀ ਕੀ ਦੁਰ-ਵਰਤੋਂ ਘੱਟ ਹੋਵੇਗੀ। ਅਸਲ ਵਿਚ, ਰਾਜ ਸਸਤੀ ਕੀਮਤ 'ਤੇ ਕੋਈ ਵੀ ਚੀਜ਼ ਉਪਲੱਬਧ ਕਰਵਾਉਣ ਤੋਂ ਪੂਰੀ ਤਰ੍ਹਾਂ ਹਟਣ ਦਾ ਪਹਿਲਾ ਕਦਮ ਲੈ ਰਹੀ ਹੈ। ਗਰੀਬਾਂ ਨੂੰ ਇਸ ਸਮੇਂ ਦਿੱਤੀ ਜਾ ਰਹੀ ਲੱਗਭਗ 2,30,000 ਕਰੋੜ ਰੁਪਏ ਦੀ ਸਬਸਿਡੀ ਨੂੰ ਹਟਾਉਣਾ ਪੂੰਜੀਪਤੀਆਂ ਦੀ ਇੱਕ ਮੁੱਖ ਮੰਗ ਰਹੀ ਹੈ, ਤਾਂਕਿ ਰਾਜ ਇਸ ਧਨ ਨੂੰ ਪੂੰਜੀਪਤੀਆਂ ਦੇ ਹਿੱਤ ਵਿਚ ਖਰਚ ਕਰ ਸਕੇ।
7. ਮਨਰੇਗਾ 'ਤੇ ਵੰਡ ਅਤੇ ਭੋਜਨ ਸਬਸਿਡੀ ਅਸਲ ਵਿਚ ਲੱਗਭਗ ਮੁਲਤਵੀ ਹੋ ਚੁੱਕੀ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਭੋਜਨ ਸੁਰੱਖਿਆ ਲਾਗੂ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਦਾ ਸਰਕਾਰ ਦਾ ਅਸਲ ਵਿਚ ਕੋਈ ਇਰਾਦਾ ਨਹੀਂ ਹੈ। ਸਿਹਤ ਅਤੇ ਪਰਿਵਾਰ ਕਲਿਆਣ 'ਤੇ ਨਿਰਧਾਰਤ ਮਾਤਰਾ ਬੀਤੇ ਵਰ੍ਹੇ ਦੇ 35,163 ਕਰੋੜ ਰੁਪਏ ਤੋਂ ਘਟਾ ਕੇ 29,653 ਕਰੋੜ ਰੁਪਏ ਕਰ ਦਿੱਤੀ ਗਈ ਹੈ। ਰਿਹਾਇਸ਼ ਅਤੇ ਸ਼ਹਿਰੀ ਗਰੀਬੀ ਹਟਾਉਣ ਲਈ ਬੱਜਟ ਵਿਚ ਨਿਰਧਾਰਤ ਮਾਤਰਾ 6,008 ਕਰੋੜ ਰੁਪਏ ਤੋਂ ਘਟਾ ਕੇ 5,634 ਕਰੋੜ ਕਰ ਦਿੱਤੀ ਗਈ ਹੈ। ਆਦਿਵਾਸੀਆਂ ਦੀ ਉਪਯੋਜਨਾ ਲਈ ਨਿਰਧਾਰਤ ਧਨ ਵਿਚ ਬਹੁਤ ਕਟੌਤੀ ਕੀਤੀ ਗਈ ਹੈ। 8.2 ਫੀਸਦੀ ਤੋਂ 5.5 ਫੀਸਦੀ ਕੀਤਾ ਗਿਆ ਹੈ (12,000 ਕਰੋੜ ਰੁਪਏ ਦੀ ਕਟੌਤੀ)। ਔਰਤਾਂ 'ਤੇ ਖਰਚ ਵਿਚ 20 ਫੀਸਦੀ ਦੀ ਕਟੌਤੀ ਕੀਤੀ ਗਈ ਹੈ (20,000 ਕਰੋੜ ਰੁਪਏ ਦੀ ਕਟੌਤੀ)। ਆਈ.ਸੀ.ਡੀ.ਐਸ. (ਬਾਲ ਪੋਸ਼ਣ ਅਤੇ ਮੁੱਢਲੀ ਸਕੂਲੀ ਸਿੱਖਿਆ) ਪ੍ਰੋਗਰਾਮ 'ਤੇ ਖਰਚ ਨੂੰ ਅੱਧਾ ਕਰ ਦਿੱਤਾ ਗਿਆ ਹੈ (16,000 ਕਰੋੜ ਰੁਪਏ ਤੋਂ 8,000 ਕਰੋੜ ਰੁਪਏ)।
8. ਇਸ ਬੱਜਟ ਵਿਚ ਬੀਤੇ ਵਰ੍ਹੇ ਦੀ ਤੁਲਨਾ ਵਿਚ, ਨਵੇਂ ਹਥਿਆਰ ਦੀ ਖਰੀਦਦਾਰੀ 'ਤੇ ਖਰਚ ਨੂੰ 11 ਫੀਸਦੀ ਵਧਾਇਆ ਗਿਆ ਹੈ। ਸਰਕਾਰ ਇਹ ਯਕੀਨੀ ਕਰਨਾ ਚਾਹੁੰਦੀ ਹੈ ਕਿ ਦੁਨੀਆ ਦੇ ਸੱਭ ਤੋਂ ਵੱਡੇ ਹਥਿਆਰ ਖਰੀਦਦਾਰਾਂ ਵਿਚ ਹਿੰਦੁਸਤਾਨ ਦੀ ਥਾਂ ਬਣੀ ਰਹੇ, ਜਿਵੇਂ ਕਿ ਬੀਤੇ 3 ਵਰ੍ਹਿਆਂ ਤੋਂ ਹੋ ਰਿਹਾ ਹੈ।
9. ਬੱਜਟ ਦਾ ਸੱਭ ਤੋਂ ਵੱਡਾ ਹਿੱਸਾ ਵਿੱਤੀ ਪੂੰਜੀਪਤੀਆਂ ਲਈ ਹੈ, ਜਿਸਤੇ ਕੁੱਲ ਖਰਚ ਦੇ ਪ੍ਰਤੀ ਰੁਪਏ ਪਿੱਛੇ 20 ਪੈਸੇ ਦਾ ਵਿਆਜ ਭੁਗਤਾਨ ਦੇ ਤੌਰ 'ਤੇ ਦਿੱਤੇ ਜਾਣਗੇ।

# ਹਰਿਆਣਾ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ

ਹਰਿਆਣਾ ਦੇ ਫਤੇਹਾਬਾਦ ਜਿਲ੍ਹੇ 'ਚ ਸਥਿਤ ਜਾਖਲ ਕਸਬੇ ਦੀ ਅਨਾਜ ਮੰਡੀ ਵਿੱਚ 23 ਮਾਰਚ 2015 ਨੂੰ ਜਨ ਚੇਤਨਾ ਮੰਚ ਨੇ ਬੜੀ ਧੂਮਧਾਮ ਨਾਲ ਸ਼ਹੀਦੀ ਦਿਹਾੜਾ ਮਨਾਇਆ। ਇਸ ਸਮਾਗਮ ਵਿੱਚ ਉਸ ਕਸਬੇ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਬੜੇ ਜੋਸ਼ੋ-ਖਰੋਸ਼ ਨਾਲ ਸ਼ਾਮਲ ਹੋਏ। ਇਸ ਮੌਕੇ 'ਤੇ ਸ਼ਹੀਦਾਂ ਦੀ ਯਾਦ ਵਿੱਚ ਇਨਕਲਾਬੀ ਨਾਟਕਾਂ ਅਤੇ ਦੇਸ਼ ਦੀ ਵਰਤਮਾਨ ਵਿਵਸਥਾ ਦੀ ਅਲੋਚਨਾ ਕਰਦੇ ਹੋਏ ਨਾਟਖਾਂ ਤੋਂ ਇਲਾਵਾ ਇਨਕਲਾਬੀ ਗੀਤ ਪੇਸ਼ ਕੀਤੇ ਗਏ।

ਮੰਚ ਦੇ ਸੰਚਾਲਕਾਂ, ਮਾਸਟਰ ਬ੍ਰਿਜਪਾਲ ਅਤੇ ਸੁਨੀਲ ਸਿੰਘ ਜੈਨ ਵਲੋਂ ਸ਼ਹੀਦਾਂ ਦੀਆਂ ਤਸਵੀਰਾਂ ਦੇ ਸਾਹਮਣੇ ਦੀਵੇ ਜਲਾਏ ਗਏ। ਸ਼ਹੀਦਾਂ ਦੀਆਂ ਤਸਵੀਰਾਂ ਨੂੰ ਫੁੱਲਾਂ ਦੇ ਹਾਰ ਪਹਿਨਾਏ ਗਏ ਅਤ ਭ੍ਰਿਸ਼ਟਾਚਾਰ ਬਾਰੇ ਗਾਣਾ ਗਾਇਆ ਗਿਆ। ਪ੍ਰੋਗਰਾਮ ਦਾ ਮੁੱਖ ਭਾਗ ਨਾਟਕ ***'ਮੈਂ ਭਗਤ ਸਿੰਘ ਹੂੰ'*** ਪੇਸ਼ ਕੀਤਾ ਗਿਆ। ਇਸਨੂੰ ਨੌਜਵਾਨਾਂ ਬਹੁਤ ਹੀ ਦਿੱਲ ਟੁੰਬਣ ਵਾਲੇ ਅੰਦਾਜ਼ ਵਿੱਚ ਪੇਸ਼ ਕੀਤਾ।

ਜਾਖਲ ਅਨਾਜ ਮੰਡੀ ਵਿੱਚ 2004 ਤੋਂ ਸ਼ਹੀਦੀ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਇਸਦੀ ਲੋਕ-ਪ੍ਰਿਅਤਾ ਦਿਨ-ਬ-ਦਿਨ ਵਧ ਰਹੀ ਹੈ।

ਹਿੰਦ ਨੌਜਵਾਨ ਏਕਤਾ ਸਭਾ ਦੇ ਕਾਮਰੇਡ ਲੋਕੇਸ਼ ਕੁਮਾਰ ਨੂੰ, ਸਭਾ ਦੀ ਸ਼ੁਰੂਆਤ ਕਰਨ ਲਈ ਮੰਚ 'ਤੇ ਅਮੰਤ੍ਰਿਤ ਕੀਤਾ ਗਿਆ ਅਤੇ ਉਨ੍ਹਾਂ ਨੇ ***'ਰਸਤੇ ਪੇ ਤੁਮ੍ਹਾਰੇ ਚੱਲ ਕੇ ਹਮ, ਆਜ਼ਾਦ ਅਬ ਦੇਸ਼ ਕਰਾਂਏਂਗੇ...'*** ਗੀਤ ਦੇ ਨਾਲ ਸਭਾ ਦਾ ਅਰੰਭ ਕੀਤਾ।




ਪ੍ਰੋਗਰਾਮ ਵਿੱਚ ਮੁੱਖ ਤਕਰੀਰ, ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਦੇ ਕਾਮਰੇਡ ਸੰਤੋਸ਼ ਕੁਮਾਰ ਨੇ ਪੇਸ਼ ਕੀਤੀ। ਉਨ੍ਹਾਂ ਨੇ ਪੂਰੇ ਦੇਸ਼ ਅੰਦਰ ਚੱਲ ਰਹੇ ਸੰਘਰਸ਼ਾਂ ਬਾਰੇ ਰੌਸ਼ਨੀ ਪਾਈ ਅਤੇ ਕਿਹਾ ਕਿ ਸਾਨੂੰ ਸੱਭ ਨੂੰ ਇੱਕਜੁੱਟ ਹੋ ਕੇ ਇਨਕਲਾਬ ਦੇ ਲਈ ਸੰਘਰਸ਼ ਨੂੰ ਤੇਜ਼ ਕਰਨਾ ਹੋਵੇਗਾ।

ਉਨ੍ਹਾਂ ਨੇ ਕਿਹਾ ਕਿ ਇਨਕਲਾਬ ਦੇ ਲਈ ਸਾਡੇ ਲੱਖਾਂ ਹੀ ਬਹਾਦਰਾਂ ਨੇ ਸ਼ਹੀਦੀਆਂ ਦਿੱਤੀਆਂ ਸਨ ਅਤੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਦੇਸ਼ ਵਿੱਚ ਸਮਾਜਵਾਦ ਸਥਾਪਤ ਕਰਨ ਦਾ ਸੁਪਨਾ ਦੇਖਿਆ ਸੀ, ਜਿੱਥੇ ਇਨਸਾਨ ਹੱਥੋਂ ਇਨਸਾਨ ਦੀ ਲੁੱਟ-ਖਸੁੱਟ ਅਤੇ ਦਮਨ ਨਹੀਂ ਹੋਵੇਗਾ। ਉਸ ਸੁਪਨੇ ਨੂੰ ਆਪਾਂ ਸਾਕਾਰ ਕਰਾਂਗੇ, ਇਹੀਓ ਉਨ੍ਹਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸਭਾ ਨੂੰ ਸੰਬੋਧਨ ਕਰਨ ਵਾਲੇ ਸੱਭ ਬੁਲਾਰਿਆਂ ਨੇ ਕਿਹਾ ਕਿ ਸੱਭ ਦੇ ਦਿਲਾਂ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੁਗਨੂ ਵਾਂਗ ਚਮਕਦੇ ਰਹਿਣਗੇ! ਉਨ੍ਹਾਂ ਦੀ ਕੁਰਬਾਨੀ ਵਰ੍ਹਿਆਂ ਤੋਂ ਸਾਡੇ ਨੌਜਵਾਨਾਂ ਨੂੰ ਪ੍ਰੇਰਿਤ ਕਰਦੀ ਆਈ ਹੈ, ਕਿਉਂਕਿ ਉਨ੍ਹਾਂ ਨੇ ਬਿਨਾ ਕੋਈ ਸਮਝੌਤਾ ਕੀਤਿਆਂ, ਦੁਸ਼ਮਣ - ਬਰਤਾਨਵੀ ਬਸਤੀਵਾਦੀਆਂ ਅਤੇ ਉਨ੍ਹਾਂ ਦੇ ਹਿੰਦੋਸਤਾਨੀ ਪਿਠੂਆਂ - ਉੱਤੇ ਸਿੱਧਾ ਵਾਰ ਕੀਤਾ ਸੀ। ਉਹ ਸੱਚੀ ਅਜ਼ਾਦੀ ਲੋਚਦੇ ਸਨ; ਸ਼ਹੀਦ ਹੋਣ ਲਈ ਜਾਂਦੇ ਸਮੇਂ ਉਹ ***"ਮੇਰਾ ਰੰਗ ਦੇ ਬਸੰਤੀ ਚੋਲਾ"*** ਗੁਣਗੁਣਾਉਂਦੇ ਰਹੇ ਸਨ।

ਸਭਾ ਨੂੰ ਸੰਬੋਧਨ ਕਰਨ ਵਾਲੇ ਹੋਰਨਾਂ 'ਚ ਸ਼ਾਮਲ ਸਨ: ਸ਼੍ਰੀ ਜਰਨੈਲ ਸਿੰਘ, ਸਰਪੰਚ ਸੁਰਿੰਦਰ ਮਿੱਤਲ, ਬਾਬਾ ਪ੍ਰਦੀਪ ਸਿੰਘ ਅਕਲਿਆ, ਏਸਤ ਸ਼ਰਮਾ ਜੀ ਅਤੇ ਮਨਦੀਪ ਸਿੰਘ। ਇੱਕ ਨਾਟਕ ***'ਭੋਲੂ ਰਾਮਾ ਦੇਖ ਡਰਾਮਾ'*** ਪੇਸ਼ ਕੀਤਾ ਗਿਆ। ਸਭਾ ਦੇ ਅੰਤ ਵਿੱਚ ਸਾਰੇ ਸਹਿਭਾਗੀਆਂ ਨੂੰ ਭਗਤ ਸਿੰਘ ਦੀ ਫੋਟੋ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ■





## ਗ਼ਦਰੀ ਸ਼ਹੀਦਾਂ ਨੂੰ ਸ਼ਰਧਾਂਜਲੀ!...

**ਸਫਾ 1 ਦੀ ਬਾਕੀ**

ਦਾ ਦੇਸ਼ ਦੇ ਅਜ਼ਾਦੀ ਸੰਗਰਾਮ ਵਿੱਚ ਬਹੁਤ ਬੜਾ ਯੋਗਦਾਨ ਰਿਹਾ ਹੈ। ਮੈਂ ਵੀ ਇਸੇ ਸਰਜ਼ਮੀ 'ਤੇ ਖੇਡਦਾ-ਕੁੱਦਦਾ ਬੜਾ ਹੋਇਆ ਅਤੇ ਪੜ੍ਹਾਈ ਕੀਤੀ। ਇਨ੍ਹਾਂ ਮਹਾਨ ਸ਼ਹੀਦਾਂ ਨੇ ਅੰਗਰੇਜ਼ਾਂ ਦੇ ਖਿਲਾਫ਼ ਇਨਕਲਾਬ ਦਾ ਬੀੜਾ ਚੁੱਕਿਆ ਸੀ। ਉਹ, ਖੁਫੀਆ ਤਰੀਕੇ ਨਾਲ ਸ਼ਮਸ਼ਾਨ ਘਾਟਾਂ ਵਿੱਚ ਬੈਠਕੇ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਮੀਟਿੰਗਾਂ ਕਰਿਆ ਕਰਦੇ ਸਨ ਅਤੇ ਲੋਕਾਂ ਨੂੰ ਲਾਮਬੰਦ ਕਰਦੇ ਸਨ। ਜਿੱਥੇ ਇੱਕ ਤਰਫ਼ ਮਹਾਤਮਾ ਗਾਂਧੀ ਦਾ ਕਹਿਣਾ ਸੀ ਕਿ ਅੰਗਰੇਜ਼ੀ ਸਾਮਰਾਜਵਾਦ ਨੂੰ ਬਰਕਰਾਰ ਰੱਖਣ ਲਈ ਹਿੰਦੋਸਤਾਨੀ ਨੌਜਵਾਨਾਂ ਨੂੰ ਅੰਗਰੇਜ਼ੀ ਫੌਜ ਵਿੱਚ ਭਰਤੀ ਹੋਣਾ ਚਾਹੀਦਾ ਹੈ; ਉੱਥੇ ਦੂਸਰੀ ਤਰਫ਼ ਗ਼ਦਰੀ ਇਨਕਲਾਬੀ, ਨੌਜਵਾਨਾਂ ਨੂੰ ਅੰਗਰੇਜ਼ੀ ਰਾਜ ਦੇ ਖਿਲਾਫ਼ ਲਾਮਬੰਦ ਕਰਦੇ ਸਨ ਅਤੇ ਸਮਝਾਉਂਦੇ ਸਨ ਕਿ ਸਾਡਾ ਅਸਲੀ ਦੁਸ਼ਮਣ ਅੰਗਰੇਜ਼ ਹਨ ਅਤੇ ਸਾਨੂੰ ਉਨ੍ਹਾਂ ਦੇ ਖਿਲਾਫ਼ ਬਗਾਵਤ ਕਰਨੀ ਚਾਹੀਦੀ ਹੈ। ਇਹ ਸੀ ਫਰਕ ਕਾਂਗਰਸ ਪਾਰਟੀ ਅਤੇ ਗ਼ਦਰ ਪਾਰਟੀ ਦੇ ਵਿਚਾਲੇ। ਗ਼ਦਰੀਆਂ ਦਾ ਮੰਨਣਾ ਸੀ ਕਿ ਅੰਗਰੇਜ਼ਾਂ ਨੂੰ ਹਥਿਆਰਬੰਦ ਬਗਾਵਤ ਰਾਹੀਂ ਭਜਾਇਆ ਜਾ ਸਕਦਾ ਹੈ।

ਕਾਮਰੇਡ ਨੇ ਦੱਸਿਆ ਕਿ ਗ਼ਦਰ ਪਾਰਟੀ ਮੈਂਬਰ ਸੋਵੀਅਤ ਯੂਨੀਅਨ ਗਏ ਅਤੇ ਉਨ੍ਹਾਂ ਤੋਂ ਸਿੱਖਿਆ ਕਿ ਉਹ ਆਪਣੇ ਦੇਸ਼ ਵਿੱਚ ਇਨਕਲਾਬ ਕਿਵੇਂ ਲਿਆਏ ਸਨ। ਕਈ ਸਾਰੇ ਮੈਂਬਰਾਂ ਨੂੰ ਉਥੇ ਸਿਖਲਾਈ ਲੈਣ ਲਈ ਭੇਜਿਆ ਗਿਆ ਸੀ ਤਾਂ ਕਿ ਉਹ ਸਮਝ ਸਕਣ ਕਿ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਕਿਵੇਂ ਏਕਤਾਬੱਧ ਕਰਨਾ ਹੈ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਵੀ ਏਸੇ ਰਸਤੇ 'ਤੇ ਚੱਲੇ ਸਨ ਤਾਂ ਕਿ ਜਿਸ ਲੁੱਟ ਅਤੇ ਦਮਨ ਤੋਂ ਮੁਕਤ ਸਮਾਜ ਦਾ ਸੁਪਨਾ ਗ਼ਦਰੀਆਂ ਨੇ ਦੇਖਿਆ ਸੀ ਉਹਨੂੰ ਸਾਕਾਰ ਕੀਤਾ ਜਾ ਸਕੇ।

ਭਾਈ ਬਲਵੰਤ ਸਿੰਘ ਨੂੰ ਅੰਗਰੇਜ਼ਾਂ ਨੇ, ਲਹੌਰ ਸਾਜ਼ਿਸ਼ ਕੇਸ ਵਿੱਚ ਥਾਈਲੈਂਡ ਤੋਂ ਗ੍ਰਿਫਤਾਰ ਕੀਤਾ ਅਤੇ ਬਿਨਾਂ ਕਿਸੇ ਸਬੂਤ ਤੋਂ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ। ਉਨ੍ਹਾਂ 'ਤੇ ਇਲਜ਼ਾਮ ਇਹ ਲਾਇਆ ਗਿਆ ਕਿ ਉਨ੍ਹਾਂ ਦੀ ਜੇਬ 'ਚੋਂ ਇੱਕ ਕਾਗਜ਼ ਬਰਾਮਦ ਹੋਇਆ ਜਿਹਦੇ ਉਤੇ ਗੁਰੂ ਗੋਬਿੰਦ ਸਿੰਘ ਦੀ ਇੱਕ ਟੂਕ ਲਿਖੀ ਹੋਈ ਸੀ ਜਿਹਦੇ ਮੁਤਾਬਕ ਜਦ ਜੁਲਮ ਦੀ ਹੱਦ ਹੋ ਜਾਵੇ ਅਤੇ ਹੋਰ ਕੋਈ ਵੀ ਰਸਤਾ ਨਾ ਬਚੇ ਤਾਂ ਜੁਲਮ ਨੂੰ ਖਤਮ ਕਰਨ ਲਈ ਸ਼ਮਸ਼ੀਰ ਚੁੱਕਣੀ ਜਾਇਜ਼ ਹੈ। ਦਲਵਿੰਦਰ ਨੇ ਕਿਹਾ ਕਿ ਅੱਜ ਵੀ ਜੁਲਮ ਉਸੇ ਤਰ੍ਹਾਂ ਵਧ ਗਿਆ ਹੈ, ਅਤੇ ਇਹਨੂੰ ਖਤਮ ਕਰਨ ਲਈ ਮਜਦੂਰਾਂ, ਕਿਸਾਨਾਂ ਅਤੇ ਨੌਜਵਾਨਾਂ ਸਮੇਤ, ਸੱਭ ਲੋਕਾਂ ਨੂੰ ਮਿਲਕੇ ਵਰਤਮਾਨ ਵਿਵਸਥਾ ਦਾ ਤਖਤਾ ਪਲਟਣਾ ਹੋਵੇਗਾ। ਤਦ ਹੀ ਦੇਸ਼ ਦੇ ਲੋਕਾਂ ਦੀ ਖਲਾਸੀ ਹੋ ਸਕਦੀ ਹੈ।

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਬੁਲਾਰੇ, ਕਾਮਰੇਡ ਸੰਤੋਸ਼ ਕੁਮਾਰ, ਨੇ ਗੁਰਦੁਆਰਾ ਤਪਸਰ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ



ਦੇਸ਼ ਭਗਤ ਯਾਦਗਾਰ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਬੜਾ ਮਾਣ ਹੈ ਕਿ ਇਸ ਸਭਾ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਸਾਡੇ ਦੇਸ਼ ਦੇ ਸ਼ਹੀਦ ਗ਼ਦਰੀਆਂ ਅਤ ਭਗਤ ਸਿੰਘ ਦਾ ਸੁਪਨਾ 1947 ਵਿੱਚ ਸਾਕਾਰ ਨਾ ਹੋ ਸਕਿਆ। ਅਜ਼ਾਦੀ ਸਿਰਫ ਮੁੱਠੀਭਰ ਸਰਮਾਏਦਾਰਾਂ ਅਤੇ ਰਜਵਾੜਿਆਂ ਨੂੰ ਹੀ ਮਿਲੀ ਸੀ। ਇਨਕਲਾਬੀਆਂ ਦਾ ਸੁਪਨਾ ਹਿੰਦੋਸਤਾਨ ਨੂੰ ਅਜ਼ਾਦ ਕਰਵਾਕੇ ਸਮਾਜਵਾਦ ਸਥਾਪਤ ਕਰਨ ਦਾ ਸੁਪਨਾ ਸੀ। ਉਹ ਸੋਵੀਅਤ ਯੂਨੀਅਨ ਤੋਂ ਵੀ ਸਿਖ ਰਹੇ ਸਨ ਅਤੇ ਉਨ੍ਹਾਂ ਨੇ ਅਫਗਾਨਿਸਤਾਨ 'ਚ ਓਜ਼ਾਦ ਹਿੰਦੋਸਤਾਨ ਸਰਕਾਰ ਵੀ ਕਾਇਮ ਕੀਤੀ ਸੀ।

ਹਿੰਦੋਸਤਾਨ ਵਿੱਚ ਜਮਹੂਰੀਅਤ ਦਾ ਅਡੰਬਰ ਖੜਾ ਕਰਕੇ ਲੋਕਾਂ ਨੂੰ ਗੁਮਰਾਹ ਕੀਤਾ ਜਾਂਦਾ ਰਿਹਾ ਹੈ। ਜੋ ਸਰਕਾਰ ਬਣਦੀ ਹੈ ਉਹ ਸਰਮਾਏਦਾਰਾਂ ਦੀ ਸੇਵਾ ਲਈ ਹੀ ਚਲਾਈ ਜਾਂਦੀ ਹੈ। ਵਰਤਮਾਨ ਸਰਕਾਰ ਨੇ ਜਮੀਨ ਹੜੱਪਣ ਲਈ ਇੱਕ ਆਰਡੀਨੈਂਸ ਜਾਰੀ ਕੀਤਾ ਹੈ, ਜੋ ਕਿਸਾਨਾਂ ਦੇ ਖਿਲਾਫ਼ ਹੈ। ਮੁੰਬਈ ਤੋਂ ਦਿੱਲੀ ਤਕ ਬਣਨ ਵਾਲੇ ਸਨੱਅਤੀ ਗਲਿਆਰੇ 'ਚ ਸਰਮਾਏਦਾਰਾਂ ਦੇ ਕਰੀਬ 17 ਲੱਖ ਕ੍ਰੋੜ ਰੁਪਏ ਦਾਅ 'ਤੇ ਲੱਗੇ ਹੋਏ ਹਨ, ਏਸੇ ਲਈ ਇਹ ਆਰਡੀਨੈਂਸ ਜਾਰੀ ਕਰਨਾ ਜਰੂਰੀ ਸੀ।

ਕਾ. ਸੰਤੋਸ਼ ਨੇ ਕਿਹਾ ਕਿ 1857 ਦੇ ਮਹਾਨ ਗ਼ਦਰ ਵਿੱਚ ਗ਼ਦਰੀਆਂ ਦਾ ਨਾਅਰਾ ਸੀ: ***"ਅਸੀਂ ਹਾਂ ਇਸਦੇ ਮਾਲਕ, ਹਿੰਦੋਸਤਾਨ ਅਸਾਡਾ"***, 1913 'ਚ ਗ਼ਦਰੀਆਂ ਦਾ ਸੁਪਨਾ ਸੀ ਹਿੰਦੋਸਤਾਨ ਵਿੱਚ ਅਸਲੀ ਜਮਹੂਰੀਅਤ ਕਾਇਮ ਕਰਨਾ ਅਤੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਸੁਪਨਾ ਇਨਕਲਾਬ ਦੇ ਜਰੀਏ ਸਮਾਜਵਾਦ ਸਥਾਪਤ ਕਰਨਾ ਸੀ। ਉਸ ਇਨਕਲਾਬ ਦੀ ਚੰਗਿਆੜੀ ਅੱਜ ਵੀ ਦੇਸ਼ ਦੇ ਇਨਕਲਾਬੀਆਂ ਦੇ ਦਿਲਾਂ ਵਿੱਚ ਭਖ ਰਹੀ ਹੈ। ਸੱਭ ਕਮਿਊਨਿਸਟਾਂ ਨੂੰ ਇੱਕਮੁੱਠ ਹੋ ਕੇ ਉਸ ਇਨਕਲਾਬ ਦੇ ਸੁਪਨੇ ਨੂੰ ਸਾਕਾਰ ਕਰਨਾ ਹੋਵੇਗਾ। ਤਦ ਹੀ ਅਸੀਂ ਆਪਣੇ ਇਨਕਲਾਬੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਅਰਪਤ ਕਰਾਂਗੇ।

ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਸਕੱਤਰ, ਡਾ. ਰਘਵੀਰ ਕੌਰ ਨੇ ਕਿਹਾ ਕਿ ਅੱਜ ਵੀ ਗ਼ਦਰੀ ਇਨਕਲਾਬੀਆਂ ਦੇ ਸੁਪਨੇ ਅਧੂਰੇ ਪਏ ਹਨ, ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਦੇਣੀ ਹੈ ਤਾਂ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੋਵੇਗਾ।

ਇਨ੍ਹਾਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਮਾਸਟਰ ਗੁਰਮੀਤ ਅਤੇ ਨਵਾਂ ਜਮਾਨਾ ਦੇ ਜਨਰਲ ਮੈਨੇਜਰ ਗੁਰਮੀਤ ਸਿੰਘ ਨੇ ਵੀ ਸਭਾ ਨੂੰ ਸੰਬੋਧਨ ਕੀਤਾ। ■





# ਮੁੰਬਈ ਵਿੱਚ ਅੰਤਰਰਾਸ਼ਟਰੀ ਮਿਹਨਕਸ਼ ਇਸਤਰੀ ਦਿਵਸ ਮਨਾਇਆ ਗਿਆ

**"ਸੰਗਠਿਤ ਹੋ, ਹੁਕਮਰਾਨ ਬਣੋ, ਔਰ ਸਮਾਜ ਕੋ ਬਦਲ ਡਾਲੋ!"** ਬੈਨਰ 'ਤੇ ਲਿਖਿਆ ਇਹ ਨਾਅਰਾ ਵਰਲੀ, ਮੁੰਬਈ ਦੇ ਅੰਬੇਡਕਰ ਮੈਦਾਨ ਵਿੱਚ, 8 ਮਾਰਚ 2015 ਨੂੰ ਅੰਤਰਰਾਸ਼ਟਰੀ ਇਸਤਰੀ ਦਿਵਸ 'ਤੇ ਇਕੱਤਰ ਹੋਏ ਲੋਕਾਂ ਨੂੰ ਪ੍ਰੇਰਿਤ ਕਰ ਰਿਹਾ ਸੀ! ਇਹ ਸਭਾ ਲੋਕ ਰਾਜ ਸੰਗਠਨ (ਵਰਲੀ ਕਮੇਟੀ), ਪੁਰੋਗਾਮੀ ਮਹਿਲਾ ਸੰਗਠਨ, ਕਾਮਗਾਰ ਏਕਤਾ ਕਮੇਟੀ ਅਤੇ ਲੜਾਕੂ ਗਾਰਮੇਂਟ ਮਜ਼ਦੂਰ ਸੰਘ ਵਲੋਂ ਸਾਂਝੇ ਰੂਪ 'ਚ ਜਥੇਬੰਦ ਕੀਤੀ ਗਈ ਸੀ।

ਸਭਾ ਦੀ ਸ਼ੁਰੂਆਤ ਇੱਕ ਮਰਾਠੀ ਪੋਵਾੜਾ ਗੀਤ ਨਾਲ ਕੀਤੀ ਗਈ, ਜੋ ਬੇਟੀ-ਭਰੂਣ ਹੱਤਿਆ ਦੇ ਖ਼ਿਲਾਫ਼ ਸੀ। ਲੜਾਕੂ ਗਾਰਮੇਂਟ ਮਜ਼ਦੂਰ ਸੰਘ ਦੇ ਕਾਮਰੇਡ ਮੋਹਿਤੇ ਦੀ ਟੀਮ ਨੇ ਇੱਕ ਨਾਟਕ ਦੇ ਜ਼ਰੀਏ ਬੇਟੀ-ਭਰੂਣ ਹੱਤਿਆ ਦੇ ਖ਼ਤਰੇ ਦਾ ਪਰਦਾਫਾਸ਼ ਕੀਤਾ।

ਲੋਕ ਰਾਜ ਸੰਗਠਨ ਦੇ ਪ੍ਰਤੀਨਿਧੀ ਨੇ ਰਾਸ਼ਨ ਦੇ ਲਈ ਲੋਕਾਂ ਦੇ ਸੰਘਰਸ਼ ਦੇ ਬਾਰੇ ਦੱਸਿਆ। ਹੁਣ ਸਰਕਾਰ ਰਾਸ਼ਨ ਵਿਵਸਥਾ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਤੇਜ਼ੀ ਨਾਲ ਕਦਮ ਉਠਾ ਰਹੀ ਹੈ। ਲੋਕਾਂ ਦੀਆਂ ਤਮਾਮ ਸਮੱਸਿਆਵਾਂ ਨੂੰ ਹੱਲ ਕਰਨ ਦੇ ਲਈ ਲੋਕ ਰਾਜ ਸਥਾਪਤ ਕਰਨ ਦੀ ਲੋੜ ਹੈ, ਉਨ੍ਹਾਂ ਨੇ ਕਿਹਾ।

ਕਮਿਊਨਿਸਟ ਗ਼ਦਰ ਪਾਰਟੀ ਦੇ ਪ੍ਰਤੀਨਿਧੀ ਨੇ ਕਿਹਾ ਕਿ ਦੇਸ਼-ਭਰ ਅੰਦਰ ਇਸਤਰੀਆਂ ਦੀ ਸੁਰੱਖਿਆ ਇੱਕ ਭਖਦਾ ਮਸਲਾ ਹੈ। ਜਿਨ੍ਹਾਂ ਸੂਬਿਆਂ ਵਿੱਚ ਫੌਜ ਦਾ ਰਾਜ ਚਲਦਾ ਹੈ, ਉੱਥੋਂ ਦੇ ਲੋਕਾਂ ਨੂੰ ਜਿਉਣ ਦੇ ਅਧਿਕਾਰ ਦੀ ਵੀ ਗਰੰਟੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵਕਤ ਅਮਰੀਕੀ ਸਾਮਰਾਜਵਾਦ ਹਿੰਦੋਸਤਾਨ ਸਮੇਤ ਪੂਰੇ ਦੱਖਣੀ ਏਸ਼ੀਆ ਦੇ ਇਲਾਕੇ ਨੂੰ ਆਪਣੀਆਂ ਜੰਗ ਦੀਆਂ ਯੋਜਨਾਵਾਂ ਵਿੱਚ ਘਸੀਟਣ ਦੇ ਯਤਨ ਕਰ ਰਿਹਾ ਹੈ, ਜੋ ਜੰਗ ਦੇ ਖ਼ਤਰੇ ਨੂੰ ਸਾਡੀ ਦਹਿਲੀਜ਼ ਲਿਆ ਰਿਹਾ ਹੈ। ਪੂੰਜੀਵਾਦ ਕਦੇ ਵੀ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਨੂੰ ਇਨਸਾਨਾਂ ਵਰਗੀ ਜ਼ਿੰਦਗੀ ਜਿਊਣ ਦੀ ਗਰੰਟੀ ਨਹੀਂ ਦੇ ਸਕਦਾ ਹੈ। ਇਸਤਰੀਆਂ ਦੀ ਮੁਕਤੀ ਉਦੋਂ ਤਕ ਸੰਭਵ ਨਹੀਂ ਹੈ ਜਦੋਂ ਤਕ ਮੌਜੂਦਾ ਸੱਤਾਧਾਰੀ ਜਮਾਤ ਨੂੰ ਪੂਰੀ ਤਰ੍ਹਾਂ ਹਰਾ ਕੇ ਉਹਦੀ ਜਗ੍ਹਾ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਦਾ ਰਾਜ ਸਥਾਪਤ ਨਹੀਂ ਕਰ ਲਿਆ ਜਾਂਦਾ। ਸਮਾਜਵਾਦ ਹੀ ਇੱਕੋ-ਇੱਕ ਰਸਤਾ ਹੈ।

ਪੁਰੋਗਾਮੀ ਮਹਿਲਾ ਸੰਗਠਨ ਦੀ ਵਕਤਾ ਨੇ ਕਿਹਾ ਕਿ ਖ਼ੁਦ ਹਾਕਮ ਜਮਾਤ ਬਣਨੇ ਦੀ ਸੋਚ ਦੇ ਨਾਲ ਸਭ ਇਸਤਰੀਆਂ ਅਤੇ ਪੁਰਸ਼ਾਂ ਨੂੰ ਮੋਢੇ-ਨਾਲ-ਮੋਢਾ ਜੋੜ ਕੇ ਸੰਘਰਸ਼ ਕਰਨਾ ਹੋਵੇਗਾ।

ਕਾਮਗਾਰ ਏਕਤਾ ਕਮੇਟੀ ਦੇ ਬੁਲਾਰੇ ਨੇ ਕਿਹਾ ਕਿ ਅੱਜ ਪਾਰਟੀਬਾਜ਼ੀ ਅਤੇ ਹੋਰ ਮੱਤਭੇਦਾਂ ਤੋਂ ਉੱਪਰ ਉੱਠਕੇ, ਮਜ਼ਦੂਰ ਜਮਾਤ ਨੂੰ ਇੱਕਮੁੱਠ ਹੋਣਾ ਹੋਵੇਗਾ ਅਤੇ ਸਰਮਾਏਦਾਰਾਂ ਦੇ ਪ੍ਰੋਗਰਾਮ ਦੇ ਟਾਕਰੇ, ਆਪਣਾ ਪ੍ਰੋਗਰਾਮ ਪੇਸ਼ ਕਰਦਿਆਂ, ਇੱਕ ਮਜ਼ਬੂਤ ਤਾਕਤ ਬਣਕੇ ਉਭਰਨਾ ਹੋਵੇਗਾ।

ਲੜਾਕੂ ਗਾਰਮੇਂਟ ਮਜ਼ਦੂਰ ਸੰਘ ਦੇ ਬੁਲਾਰੇ ਨੇ ਕਿਹਾ ਕਿ ਸਰਕਾਰ ਕਈ ਸੂਬਿਆਂ ਵਿੱਚ ਅਜੇਹੇ ਕਿਰਤ ਕਨੂੰਨ ਲਾਗੂ ਕਰ ਰਹੀ ਹੈ, ਜੋ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਦੇ ਹਿੱਤਾਂ ਦੇ ਖ਼ਿਲਾਫ਼ ਹਨ। ਉਨ੍ਹਾਂ ਨੇ ਐਲਾਨ ਕੀਤਾ ਕਿ ਮਜ਼ਦੂਰ ਜਮਾਤ ਇੱਕਮੁੱਠ ਹੋ ਕੇ ਇਨ੍ਹਾਂ ਹਮਲਿਆਂ ਦਾ ਮੂੰਹਤੋੜ ਜਵਾਬ ਦੇਵੇਗੀ।

ਕੁੱਝ ਸਥਾਨਕ ਇਸਤਰੀਆਂ ਨੇ ਵੀ ਸਭਾ ਨੂੰ ਸੰਬੋਧਿਤ ਕੀਤਾ।

ਸਭਾ ਦੀ ਸਮਾਪਤੀ ਸੱਭਿਆਚਾਰਕ ਪ੍ਰੋਗਰਾਮ ਨਾਲ ਹੋਈ; ਲੋਕ ਰਾਜ ਸੰਗਠਨ ਦੇ ਨੌਜਵਾਨਾਂ ਨੇ ਪ੍ਰਗਤੀਸ਼ੀਲ ਗੀਤ ਅਤੇ ਬੱਚਿਆਂ ਨੇ ਨਾਚ ਪੇਸ਼ ਕੀਤਾ। ■

## ਕੌਮਾਂਤਰੀ ਇਸਤਰੀ...

**ਸਫਾ 1 ਦੀ ਬਾਕੀ**

ਇਹ ਨਾਅਰੇ ਜ਼ੁਲਮ ਅਤੇ ਅਨਿਆਂ ਦੇ ਖ਼ਿਲਾਫ਼ ਲੋਕਾਂ ਦੇ ਜਜ਼ਬਾਤਾਂ ਦਾ ਇਜ਼ਹਾਰ ਕਰਦੇ ਹਨ।

ਜੰਤਰ-ਮੰਤਰ ਵਿਖੇ ਲੱਗਿਆ ਹੋਇਆ ਮੰਚ ਸ਼ਾਨਦਾਰ ਬੈਨਰਾਂ ਨਾਲ ਸਜਾਇਆ ਗਿਆ ਸੀ, ਜਿਨ੍ਹਾਂ ਉੱਤੇ ਮੁਜ਼ਾਹਰਾਕਾਰੀਆਂ ਦੀਆਂ ਮੰਗਾਂ ਲਿਖੀਆਂ ਹੋਈਆਂ ਸਨ। ਉੱਥੇ ਇਕੱਤਰ ਹੋਈਆਂ ਇਸਤਰੀਆਂ ਅਤੇ ਪੁਰਸ਼ਾਂ ਦੇ ਨਿਆਂਪੂਰਨ ਅਤੇ ਮਾਨਵ-ਕੇਂਦਰਿਕ ਸਮਾਜ ਦੇ ਲਈ ਸੰਘਰਸ਼ ਜਾਰੀ ਰੱਖਣ ਦਾ ਸੰਕਲਪ ਚਾਰੇ ਪਾਸੇ ਲੱਗੇ ਹੋਏ ਇਨ੍ਹਾਂ ਬੈਨਰਾਂ ਤੋਂ ਸਾਫ ਝਲਕ ਰਿਹਾ ਸੀ।

ਕਈ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਰੈਲੀ ਨੂੰ ਸੰਬੋਧਿਤ ਕੀਤਾ। ਇਨ੍ਹਾਂ 'ਚ ਸ਼ਾਮਲ ਸਨ ਏਡਵਾ, ਪੁਰੋਗਾਮੀ ਮਹਿਲਾ ਸੰਗਠਨ, ਇਪਵਾ, ਰਾਸ਼ਟਰੀ ਘਰੇਲੂ ਕਾਮਗਾਰ ਯੂਨੀਅਨ, ਐਨ.ਐਫ.ਆਈ.ਡਬਲਯੂ. ਅਤੇ ਹੋਰ ਜਥੇਬੰਦੀਆਂ ਦੇ ਪ੍ਰਤੀਨਿਧੀ।



ਰੈਲੀ ਨੂੰ ਸੰਬੋਧਨ ਕਰਦੇ ਹੋਏ, ਸਾਰੇ ਬੁਲਾਰਿਆਂ ਨੇ ਇੱਕ ਅਵਾਜ਼ ਵਿੱਚ, ਸੱਤਾ 'ਚ ਬੈਠੇ ਲੋਕਾਂ ਦੀਆਂ ਸ਼ਰੇਆਮ ਇਸਤਰੀ-ਵਿਰੋਧੀ ਕਾਰਵਾਈਆਂ ਅਤੇ ਰਵੱਈਆਂ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਨੇ ਦਿੱਲੀ ਅਤੇ ਦੇਸ਼ ਦੀਆਂ ਹੋਰ ਥਾਵਾਂ 'ਤੇ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿੱਚ, ਇਸਤਰੀਆਂ ਦੇ ਬਲਾਤਕਾਰ ਦੇ ਲਈ ਹਾਕਮਾਂ ਵਲੋਂ ਦਿੱਤੇ ਜਾਂਦੇ ਕਾਰਨਾਂ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਦਲੇਰੀ ਨਾਲ ਇਹ ਗੱਲ ਰੱਖੀ ਕਿ ਸਾਡੇ ਮੁੱਖ ਦੁਸ਼ਮਣ ਹਨ: ਵਰਤਮਾਨ ਪੂੰਜੀਵਾਦੀ ਵਿਵਸਥਾ, ਜੋ ਮਿਹਨਤਕਸ਼ ਇਸਤਰੀਆਂ ਅਤੇ ਪੁਰਸ਼ਾਂ ਦੇ ਗੈਰ-ਮਾਨਵੀ ਸ਼ੋਸ਼ਣ ਦੇ ਜ਼ਰੀਏ ਵੱਡੀਆਂ-ਵੱਡੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਇਜਾਰੇਦਾਰ ਕੰਪਨੀਆਂ ਦੇ ਵੱਧ-ਤੋਂ-ਵੱਧ ਮੁਨਾਫੇ ਯਕੀਨੀ ਬਣਾਉਣ ਉੱਤੇ ਅਧਾਰਤ ਹੈ ਅਤੇ ਸਾਮਰਾਜਵਾਦੀ ਵਿਵਸਥਾ ਜੋ ਲੋਕਾਂ ਅਤੇ ਕੌਮਾਂ ਦੇ ਅਧਿਕਾਰਾਂ ਦਾ ਘਾਣ ਕਰਨ ਵਾਲੇ ਹਮਲਿਆਂ ਅਤੇ ਜੰਗ ਉੱਤੇ ਅਧਾਰਤ ਹੈ। ਬੁਲਾਰਿਆਂ ਨੇ ਉਨ੍ਹਾਂ ਅਣਗਿਣਤ ਸੰਘਰਸ਼ਾਂ ਨੂੰ ਯਾਦ ਕੀਤਾ ਜੋ ਹਿੰਦੋਸਤਾਨ ਅਤੇ ਵਿਸ਼ਵ ਦੀਆਂ ਇਸਤਰੀਆਂ ਨੇ, ਅੰਤਰਰਾਸ਼ਟਰੀ ਇਸਤਰੀ ਦਿਵਸ ਦੀ ਘੋਸ਼ਣਾ ਤੋਂ ਬਾਦ ਦੇ ਇੱਕ ਸੌ ਤੋਂ ਅਧਿਕ ਸਾਲਾਂ ਤੱਕ ਲੜੇ ਹਨ ਅਤੇ ਅੱਜ ਵੀ ਲੜ ਰਹੀਆਂ ਹਨ। ਉਨ੍ਹਾਂ ਨੇ ਇਸਤਰੀਆਂ ਅਤੇ ਪੁਰਸ਼ਾਂ ਨੂੰ ਸੱਦਾ ਦਿੱਤਾ ਕਿ ਇੱਕ ਅਜੇਹੇ ਸਮਾਜ ਦੇ ਲਈ ਸੰਘਰਸ਼ ਵਿੱਚ ਇੱਕਮੁੱਠ ਹੋਵੋ, ਜਿਹਦੇ 'ਚ ਸਾਡੇ ਅਧਿਕਾਰਾਂ ਅਤੇ ਅਜ਼ਾਦੀਆਂ ਨੂੰ ਯਕੀਨੀ ਤੇ ਸੁਰੱਖਿਅਤ ਬਣਾਇਆ ਜਾਵੇਗਾ। ਪੁਰੋਗਾਮੀ ਮਹਿਲਾ ਸੰਗਠਨ ਦੀ ਪ੍ਰਤੀਨਿਧੀ ਨੇ ਬੜੀ ਬਹਾਦਰੀ ਨਾਲ ਐਲਾਨ ਕੀਤਾ ਕਿ ਇਸ ਨਵੇਂ ਸਮਾਜ ਨੂੰ ਸਿਰਜਣ ਦੇ ਲਈ ਸਾਨੂੰ ਸੱਭ ਨੂੰ ਜਥੇਬੰਦ ਹੋਣਾ ਹੋਵੇਗਾ, ਆਪਣੇ ਹੱਥਾਂ 'ਚ ਸ਼ਾਸਨ-ਸੱਤਾ ਲੈਣੀ ਹੋਵੇਗੀ ਅਤੇ ਹੁਕਮਰਾਨ ਬਣਨਾ ਹੋਵੇਗਾ। ਆਪਣੇ ਹੱਥ ਸ਼ਾਸਨ-ਸੱਤਾ ਲੈ ਕੇ ਅਸੀਂ ਉਸ ਨਵੇਂ ਸਮਾਜ ਨੂੰ ਜ਼ਰੂਰ ਬਣਾਵਾਂਗੇ ਜਿਹੜਾ ਅਸੀਂ ਚਾਹੁੰਦੇ ਹਾਂ।

ਜਾਗੋਰੀ, ਨਿਰੰਤਰ, ਡੇਫਵੇ ਫਾਊਂਡੇਸ਼ਨ, ਵਿਮਿਨ ਅਗੇਂਸਟ ਸੈਕਸੁਅਲ ਵਾਇਲੈਂਸ ਐਂਡ ਸਟੇਟ ਰਿਪਰੈਸ਼ਨ ਅਤੇ ਕਈ ਹੋਰ ਜਥੇਬੰਦੀਆਂ ਨੇ, ਨਾਟਕਾਂ ਅਤੇ ਗੀਤਾਂ ਦੇ ਮਾਧਿਅਮ ਰਾਹੀਂ ਇਸ ਵਿਵਸਥਾ ਦੇ ਖ਼ਿਲਾਫ਼ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਅਤੇ ਇਸਨੂੰ ਬਦਲਣ ਦੇ ਲਈ ਸੰਘਰਸ਼ ਨੂੰ ਜਾਰੀ ਰੱਖਣ ਦੇ ਆਪਣੇ ਸੰਕਲਪ ਨੂੰ ਦੁਹਰਾਇਆ।



ਅੰਤਰਰਾਸ਼ਟਰੀ ਇਸਤਰੀ ਦਿਵਸ ਪ੍ਰੋਗਰਾਮ ਵਿੱਚ ਏਨੀ ਵੱਡੀ ਗਿਣਤੀ 'ਚ ਨੌਜਵਾਨਾਂ ਸਮੇਤ ਇਸਤਰੀਆਂ ਅਤੇ ਪੁਰਸ਼ਾਂ ਦਾ ਜੁਝਾਰੂ ਅਤੇ ਜੋਸ਼ਪੂਰਨ ਹਿੱਸਾ ਲੈਣਾ ਇਹ ਦਿਖਾਉਂਦਾ ਹੈ ਕਿ ਸਾਡੇ ਲੋਕ ਆਪਣੇ ਅਧਿਕਾਰਾਂ ਉੱਤੇ ਅਤੇ ਆਪਣੀ ਰੋਜ਼ੀ-ਰੋਟੀ ਉੱਤੇ ਹਾਕਮਾਂ ਦੇ ਹਮਲਿਆਂ ਨੂੰ ਬਰਦਾਸ਼ਤ ਨਹੀਂ ਕਰਨਗੇ। ਇਸਤੋਂ ਦਿਖਦਾ ਹੈ ਕਿ ਸਾਡੇ ਲੋਕਾਂ ਵਿੱਚ ਇਹ ਚੇਤਨਾ ਵਧ ਰਹੀ ਹੈ ਕਿ ਸਾਨੂੰ ਆਰਥਕਤਾ ਦੀ ਦਿਸ਼ਾ ਨੂੰ ਬਦਲ ਕੇ ਮਿਹਨਤਕਸ਼ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਦਿਸ਼ਾ 'ਚ ਚਲਾਉਣਾ ਹੋਵੇਗਾ, ਕਿ ਸਾਨੂੰ ਇਸਤਰੀਆਂ ਅਤੇ ਪੁਰਸ਼ਾਂ ਨੂੰ ਸੱਤਾ 'ਚ ਲਿਆਉਣ ਦੇ ਲਈ ਅਤੇ ਸਭਨਾਂ ਲਈ ਇਨਸਾਫ, ਇੱਜ਼ਤ ਅਤੇ ਅਧਿਕਾਰ ਯਕੀਨੀ ਬਣਾਉਣ ਦੇ ਲਈ ਪੂਰੀ ਰਾਜਨੀਤਕ ਵਿਵਸਥਾ ਅਤੇ ਪਰਕ੍ਰਿਆ ਦਾ ਪੁਨਰ-ਗਠਨ ਕਰਨਾ ਹੋਵੇਗਾ। ■

## ਹਾਸ਼ਿਮਪੁਰਾ (ਯੂ.ਪੀ.) ਹੱਤਿਆਕਾਂਡ ਦੇ ਅਪਰਾਧੀ ਪੁਲਸੀਆਂ ਨੂੰ ਬਰੀ ਕਰ ਦਿੱਤਾ ਗਿਆ:

# ਰਾਜਕੀਯ ਦਹਿਸ਼ਤਵਾਦ ਮੁਰਦਾਬਾਦ!

21 ਮਾਰਚ ਨੂੰ ਦਿੱਲੀ ਦੀ ਤੀਸ ਹਜਾਰੀ ਦੀ ਇੱਕ ਅਦਾਲਤ ਨੇ, ਪ੍ਰਾਂਤਿਕ ਹਥਿਆਰਬੰਦ ਬਲ (ਪੀ.ਏ.ਸੀ.) ਦੇ ਉਨ੍ਹਾਂ 16 ਸਿਪਾਹੀਆਂ ਨੂੰ ਬਰੀ ਕਰ ਦਿੱਤਾ, ਜਿਨ੍ਹਾਂ ਉੱਤੇ ਉੱਤਰ ਪ੍ਰਦੇਸ਼ ਦੇ ਮੇਰਠ ਸ਼ਹਿਰ ਦੇ ਹਾਸ਼ਿਮਪੁਰਾ ਇਲਾਕੇ ਵਿੱਚ, 28 ਸਾਲ ਪਹਿਲਾਂ ਮੁਸਲਮਾਨ ਭਾਈਚਾਰੇ ਦੇ ਲੋਕਾਂ ਦੇ ਗਿਣੇ-ਮਿਥੇ ਕਤਲ ਦੇ ਇਲਜ਼ਾਮ ਦਾ ਮੁਕੱਦਮਾ ਚੱਲ ਰਿਹਾ ਸੀ।

ਯਾਦ ਰਹੇ ਕਿ 22 ਮਈ 1987 ਨੂੰ, ਰਾਜ ਵਲੋਂ ਜਥੇਬੰਦ ਕੀਤੇ ਗਏ ਫਿਰਕੂ ਹਿੰਸਾ ਅਤੇ ਦਹਿਸ਼ਤ ਦੇ ਮਹੌਲ ਵਿੱਚ, ਪੀ.ਏ.ਸੀ. ਦੇ 19 ਸਿਪਾਹੀਆਂ ਨੇ ਮੇਰਠ ਸ਼ਹਿਰ ਦੇ ਹਾਸ਼ਿਮਪੁਰਾ ਮੁਹੱਲੇ ਵਿੱਚ 40-45 ਮੁਸਲਮਾਨ ਨੌਜਵਾਨਾਂ ਨੂੰ ਘੇਰ ਲਿਆ, ਜੋ ਜ਼ਿਆਦਾਤਰ ਦਿਹਾੜੀ ਮਜ਼ਦੂਰ ਅਤੇ ਜੁਲਾਹੇ ਸਨ। ਨੌਜਵਾਨਾਂ ਨੂੰ ਇੱਕ ਟਰੱਕ ਉੱਤੇ ਲੱਦ ਕੇ, ਗਾਜ਼ਿਆਬਾਦ ਦੇ ਮੁਰਾਦਨਗਰ ਵਿੱਚ ਅੱਪਰ ਗੰਗਾ ਕੈਨਾਲ ਲਿਜਾਇਆ ਗਿਆ, ਜਿੱਥੇ ਕੁੱਝ ਨੌਜਵਾਨਾਂ ਨੂੰ ਇੱਕ-ਇੱਕ ਕਰਕੇ ਗੋਲੀ ਮਾਰੀ ਗਈ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਨਹਿਰ ਵਿੱਚ ਸੁੱਟ ਦਿੱਤਾ ਗਿਆ। ਬਾਕੀ ਨੌਜਵਾਨਾਂ ਨੂੰ ਉਸੇ ਟਰੱਕ ਵਿੱਚ ਗਾਜ਼ਿਆਬਾਦ ਦੇ ਮਕਾਨਪੁਰ ਦੇ ਨੇੜੇ ਹਿੰਡਨ ਨਦੀ ਦੀ ਨਹਿਰ 'ਤੇ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਵੀ ਉਸੇ ਤਰ੍ਹਾਂ ਗੋਲੀ ਮਾਰੀ ਗਈ ਅਤੇ ਉਨ੍ਹਾਂ ਦੀਆਂ ਲਾਸ਼ਾਂ ਵੀ ਨਹਿਰ ਵਿੱਚ ਸੁੱਟ ਦਿੱਤੀਆਂ ਗਈਆਂ।

ਕੁੱਝ ਨੌਜਵਾਨ ਭੱਜ ਬਚ ਨਿਕਲੇ। ਉਨ੍ਹਾਂ ਦੀ ਅੱਖੀਂ ਦੇਖੀ ਰਿਪੋਟ ਅਤੇ ਐਫ.ਆਈ.ਆਰ. ਦੇ ਅਧਾਰ 'ਤੇ ਸੱਚਾਈ ਸਾਹਮਣੇ ਆਈ। ਵੱਡੀ ਗਿਣਤੀ ਵਿੱਚ ਲੋਕਾਂ ਨੇ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਪ੍ਰਤੀਰੋਧ ਕੀਤਾ, ਕਤਲਾਂ ਦੀ ਨਿਖੇਧੀ ਕੀਤੀ ਅਤੇ ਗੁਨਾਹਗਾਰ ਪੀ.ਏ.ਸੀ. ਸਿਪਾਹੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ। ਪੀ.ਯੂ.ਸੀ.ਐਲ. ਦੀ ਇੱਕ ਪੜਤਾਲੀਆ ਕਮੇਟੀ, ਜਿਹਦੇ ਪ੍ਰਧਾਨ ਜਸਟਿਸ ਰਜਿੰਦਰ ਸੱਚਰ ਸਨ, ਨੇ 23 ਮਈ 1987 ਨੂੰ ਘਟਨਾ ਦੀ ਰਿਪੋਟ ਨਿਕਾਲੀ। 1988 ਵਿੱਚ ਉੱਤਰ ਪ੍ਰਦੇਸ਼ ਸਰਕਾਰ ਨੇ ਸੀ.ਬੀ. ਸੀ.ਆਈ.ਡੀ. ਦੁਆਰਾ ਜਾਂਚ ਦਾ ਹੁਕਮ ਦਿੱਤਾ। ਜਾਂਚ ਤੋਂ ਬਾਦ ਗੁਨਾਹਗਾਰ ਪੀ.ਏ.ਸੀ. ਸਿਪਾਹੀਆਂ ਖ਼ਿਲਾਫ਼ ਇਲਜ਼ਾਮ ਪਰਚਾ ਜਾਰੀ ਕੀਤਾ ਗਿਆ, ਸੰਨ 2000 ਤਕ ਉਨ੍ਹਾਂ 'ਚੋਂ ਕੋਈ ਵੀ ਅਦਾਲਤ ਵਿੱਚ ਹਾਜ਼ਰ ਨਾ ਹੋਇਆ, ਹਾਲਾਂਕਿ ਲੱਗਭਗ 40 ਬਾਰ ਉਨ੍ਹਾਂ ਖ਼ਿਲਾਫ਼ ਵਾਰੰਟ ਜਾਰੀ ਕੀਤੇ ਗਏ ਸਨ। ਅੰਤ ਨੂੰ 2000 ਵਿੱਚ, ਭਾਰੀ ਜਨਤਕ ਦਬਾ ਹੇਠ 16 ਮੁਲਜ਼ਮ ਸਿਪਾਹੀਆਂ ਨੇ ਗਾਜ਼ੀਆਬਾਦ ਦੀ ਇੱਕ ਅਦਾਲਤ ਵਿੱਚ ਆਤਮ-ਸਮਰਪਣ ਕੀਤਾ, ਪ੍ਰੰਤੂ ਉਸ ਤੋਂ ਬਾਦ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਅਤੇ ਕੰਮ 'ਤੇ ਵਾਪਸ ਲੈ ਲਿਆ ਗਿਆ।

2001 ਤਕ ਜਦ ਗਾਜ਼ੀਆਬਾਦ ਦੀ ਅਦਾਲਤ ਵਿੱਚ ਮੁਕੱਦਮਾ ਸ਼ੁਰੂ ਹੀ ਨਾ ਹੋਇਆ, ਤਾਂ ਮਾਰੇ ਗਏ ਨੌਜਵਾਨਾਂ ਦੇ ਪਰਿਵਾਰ ਮੈਂਬਰਾਂ ਅਤੇ ਬਚੇ ਹੋਏ ਨੌਜਵਾਨਾਂ ਨੇ ਸੁਪਰੀਮ ਕੋਰਟ ਵਿੱਚ ਇੱਕ ਯਾਚਿਕਾ ਦਾਖ਼ਲ ਕਰਕੇ ਮੰਗ ਕੀਤੀ ਕਿ ਮੁਕੱਦਮੇ ਨੂੰ ਦਿੱਲੀ ਦੀ ਕਿਸੇ ਅਦਾਲਤ ਵਿੱਚ ਤਬਦੀਲ ਕੀਤਾ ਜਾਵੇ, ਜੋ ਮੰਗ ਸੁਪਰੀਮ ਕੋਰਟ ਨੇ ਮੰਨ ਲਈ। ਪ੍ਰੰਤੂ ਮੁਕੱਦਮੇ ਨੂੰ ਬਾਰ-ਬਾਰ ਟਾਲਿਆ ਜਾਂਦਾ ਰਿਹਾ ਅਤੇ 2006 ਤਕ ਸ਼ੁਰੂ ਹੀ ਨਾ ਹੋਇਆ। ਅੰਤ ਵਿੱਚ, 21 ਮਾਰਚ 2015 ਨੂੰ, ਦਿੱਲੀ ਦੀ ਤੀਸ ਹਜਾਰੀ ਅਦਾਲਤ ਨੇ "ਸਬੂਤਾਂ ਦੀ ਘਾਟ" ਦੀ ਆੜ ਹੇਠ, 1987 ਦੇ ਹਾਸ਼ਿਮਪੁਰਾ ਕਾਂਡ ਦੇ ਸਾਰੇ 16 ਦੋਸ਼ੀਆਂ ਨੂੰ ਬਰੀ ਕਰ ਦਿੱਤਾ।

ਹਾਸ਼ਿਮਪੁਰਾ ਵਿੱਚ ਪੀ.ਏ.ਸੀ. ਸਿਪਾਹੀਆਂ ਵਲੋਂ ਬੇਗੁਨਾਹ ਮੁਸਲਮਾਨ ਨੌਜਵਾਨਾਂ ਦਾ ਕਤਲ ਅਤੇ ਬਾਦ 'ਚ ਉਨ੍ਹਾਂ ਦਾ ਬਰੀ ਹੋ ਜਾਣਾ - ਇਹ ਵਹਿਸ਼ੀ ਰਾਜਕੀਯ ਦਹਿਸ਼ਤ ਦੇ ਅਣਗਿਣਤ ਕਾਂਡਾਂ ਦੀ ਸੂਚੀ 'ਚ ਹੀ ਇੱਕ ਹੋਰ ਕਾਂਡ ਹੈ। ਇਸ ਤਰ੍ਹਾਂ ਦਾ ਰਾਜਕੀਯ ਦਹਿਸ਼ਤਵਾਦ ਹਿੰਦੋਸਤਾਨੀ ਰਾਜ ਦਾ ਇੱਕ ਪ੍ਰਮਾਣਿਕ ਚਿੰਨ ਬਣ ਗਿਆ ਹੈ, ਜਿਹਦਾ ਕੌੜਾ ਅਨੁਭਵ ਸਾਡੇ ਲੋਕਾਂ ਨੂੰ ਬਾਰ-ਬਾਰ ਕਰਨਾ ਪੈਂਦਾ ਹੈ। ਲੋਕਾਂ ਨੂੰ ਅੱਡੋ-ਫਾੜ ਕਰਨ ਅਤੇ ਇਸ ਜਾਂ ਉਸ ਸਮੁਦਾਇ 'ਤੇ ਦਹਿਸ਼ਤ ਪਾਉਣ ਲਈ ਫਿਰਕਾਪ੍ਰਸਤ ਹਿੰਸਾ ਜਥੇਬੰਦ ਕਰਨਾ ਹਮੇਸ਼ਾ ਹੀ ਹਿੰਦੋਸਤਾਨੀ ਰਾਜ ਦਾ ਇੱਕ ਮਨ-ਪਸੰਦ ਹਥਿਆਰ ਰਿਹਾ ਹੈ, ਜੋ ਇਸਨੂੰ ਬਰਤਾਨਵੀ ਬਸਤੀਵਾਦੀਆਂ ਤੋਂ ਵਿਰਾਸਤ ਵਿੱਚ ਮਿਲੇ ਅਸਲੇਖਾਨੇ ਦਾ ਇੱਕ ਅਵੱਸ਼ਕ ਹਿੱਸਾ ਹੈ।

ਸੱਤਧਾਰੀ ਨੇਤਾ ਸ਼ਰੇਆਮ ਘਟੀਆ ਤੋਂ ਘਟੀਆ ਫਿਰਕੂ ਪ੍ਰਚਾਰ ਕਰਦੇ ਹਨ। ਹਿੰਦੋਸਤਾਨੀ ਰਾਜ ਦੀ ਫੌਜ ਅਤੇ ਸੁਰੱਖਿਆ ਬਲਾਂ ਨੂੰ ਫਿਰਕਾਪ੍ਰਸਤ ਅਧਾਰ 'ਤੇ ਜਥੇਬੰਦ ਅਤੇ ਸਿੱਖਿਅਤ ਕੀਤਾ ਜਾਂਦਾ ਹੈ ਅਤੇ ਰਾਜ ਵਲੋਂ ਜਥੇਬੰਦ ਫਿਰਕੂ ਹਿੰਸਾ ਦੇ ਦੁਰਾਨ ਉਨ੍ਹਾਂ ਨੂੰ ਕਾਤਲ ਗੁੰਡਿਆਂ ਨੂੰ ਸਰਗਰਮੀ ਨਾਲ ਸਹਾਇਤਾ ਦੇਣ ਅਤੇ ਉਨ੍ਹਾਂ ਦੀ ਰਖਵਾਲੀ ਕਰਨ ਦੀਆਂ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਫੌਜ ਅਤੇ ਸੁਰੱਖਿਆ ਬਲਾਂ ਵਲੋਂ ਫਰਜ਼ੀ ਮੁਠਭੇੜਾਂ 'ਚ ਨੌਜਵਾਨਾਂ ਨੂੰ ਨਿਸ਼ਾਨਾਂ ਬਣਾਕੇ ਕਤਲ ਕਰਨਾ, ਕਿਸੇ ਵਿਸ਼ੇਸ਼ ਸਮੁਦਾਇ ਦੀਆਂ ਔਰਤਾਂ ਦੇ ਬਲਾਤਕਾਰ - ਇਹ ਸਭ ਹਿੰਦੋਸਤਾਨੀ ਰਾਜ ਦੀ ਰੋਜ਼ਾਨਾ ਦੀ ਦਹਿਸ਼ਤ ਦਾ ਹਿੱਸਾ ਹਨ। ਪੱਕੇ ਅਤੇ ਸਪੱਸ਼ਟ ਸਬੂਤ ਹੋਣ ਦੇ ਬਾਵਜੂਦ ਅਤੇ ਪੀੜਤ ਲੋਕਾਂ ਵਲੋਂ ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ, ਗੁਨਾਹਗਾਰਾਂ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ। ਦੇਸ਼ ਦੇ ਕਈ ਹਿੱਸਿਆਂ ਜਿਵੇਂ ਕਿ ਉੱਤਰ-ਪੂਰਬੀ ਰਾਜਾਂ ਅਤੇ ਕਸ਼ਮੀਰ ਵਿੱਚ ਫੌਜ ਦਾ ਰਾਜ ਚੱਲਦਾ ਹੈ ਅਤੇ ਕਾਲੇ ਕਨੂੰਨ ਅਫਸਪਾ ਦੇ ਤਹਿਤ ਫੌਜ ਨੂੰ ਇਨ੍ਹਾਂ ਲੋਕ-ਵਿਰੋਧੀ ਅਪਰਾਧਾਂ ਕਈ ਕੋਈ ਸਜ਼ਾ ਨਹੀਂ ਹੁੰਦੀ।

1984 ਵਿੱਚ ਸਿੱਖਾਂ ਦੀ ਨਸਲਕੁਸ਼ੀ, 1992-93 ਵਿੱਚ ਬਾਬਰੀ ਮਸਜਿਦ ਨੂੰ ਢਾਹੁਣ ਤੋਂ ਬਾਦ ਫਿਰਕੂ ਕਤਲੇਆਮ, 2002 'ਚ ਗੁਜਰਾਤ ਵਿੱਚ ਨਸਲਕੁਸ਼ੀ, ਓਡਿਸ਼ਾ ਵਿੱਚ ਈਸਾਈ ਸਮੁਦਾਇ ਉੱਤੇ ਹਮਲੇ, 2014 ਦੀਆਂ ਚੋਣਾਂ ਦੇ ਦੁਰਾਨ ਮੁਜ਼ਫਰਨਗਰ ਵਿੱਚ ਕਤਲੇਆਮ ਅਤੇ ਹਿੰਸਾ, ਦਿੱਲੀ ਦੇ ਤਰਲੋਕਪੁਰੀ ਵਿੱਚ ਫਿਰਕੂ ਹਿੰਸਾ, ਗਿਰਜਾ ਘਰਾਂ ਅਤੇ ਈਸਾਈ ਸੰਸਥਾਵਾਂ ਨੂੰ ਬਾਰ-ਬਾਰ ਨਿਸ਼ਾਨਾਂ ਬਣਾਇਆ ਜਾਣਾ - ਹਿੰਦੋਸਤਾਨੀ ਰਾਜ ਅਤੇ ਇਹਦੀਆਂ ਹਥਿਆਰਬੰਦ ਸ਼ਕਤੀਆਂ ਅਤੇ ਸੁਰੱਖਿਆ ਬਲਾਂ ਦੇ ਅਪਰਾਧਾਂ ਦੀ ਸੂਚੀ ਅਨੰਤ ਹੈ।

ਫਿਰਕਿਆਂ ਅਤੇ ਧਾਰਮਕ ਵਿਚਾਰਾਂ ਤੋਂ ਉੱਪਰ ਉੱਠ ਕੇ ਮਜ਼ਦੂਰ ਜਮਾਤ ਅਤੇ ਲੋਕਾਂ ਨੂੰ ਇੱਕਜੁੱਟ ਹੋਣਾ ਹੋਵੇਗਾ, ਗੁਨਾਹਗਾਰਾਂ ਨੂੰ ਸਜ਼ਾ ਦੇਣ ਅਤੇ ਰਾਜ ਵਲੋਂ ਜਥੇਬੰਦ ਕੀਤੀ ਜਾਂਦੀ ਹਿੰਸਾ ਅਤੇ ਦਹਿਸ਼ਤ ਨੂੰ ਹਮੇਸ਼ਾ-ਹਮੇਸ਼ਾ ਲਈ ਖ਼ਤਮ ਕਰਨ ਦੇ ਸੰਘਰਸ਼ ਵਿੱਚ ਸੰਗਠਤ ਹੋ ਕੇ ਅੱਗੇ ਆਉਣਾ ਹੋਵੇਗਾ।

# ਯਮਨ ਉੱਤੇ ਅਮਰੀਕਾ ਸਮਰਥਤ ਹਮਲੇ ਦੀ ਨਿਖੇਧੀ ਕਰੋ!

ਸਾਊਦੀ ਅਰਬ ਅਤੇ ਅਮਰੀਕਾ ਦੇ ਹੋਰ ਮਿੱਤਰ ਅਰਬ ਦੇਸ਼ਾਂ ਦੀ ਹਵਾਈ ਫੌਜ ਦੇ ਜਹਾਜ਼ਾਂ ਨੇ 26 ਮਾਰਚ, 2015 ਨੂੰ ਯਮਨ 'ਤੇ ਹਮਲਾ ਕਰ ਦਿੱਤਾ। ਯਮਨ 'ਤੇ ਇਹ ਹਮਲਾ ਸਾਊਦੀ ਅਰਬ ਵੱਲੋਂ ਛੇੜੀ ਗਈ ਹਮਲਾਵਰ ਲੜਾਈ ਦਾ ਹਿੱਸਾ ਹੈ। ਇਸ ਲੜਾਈ ਦਾ ਮਕਸਦ ਹੈ ਯਮਨ ਵਿਚ ਸਾਊਦੀ ਹਕੂਮਤ ਦੇ ਅਧੀਨ ਸੱਤਾ ਸਥਾਪਿਤ ਕਰਨਾ। ਅਮਰੀਕੀ ਸਾਮਰਾਜਵਾਦ ਨੇ ਸਾਊਦੀ ਹਮਲੇ ਦਾ ਸ਼ਰ੍ਹੇਆਮ ਸਮਰਥਨ ਕੀਤਾ ਹੈ ਅਤੇ ਐਲਾਨ ਕੀਤਾ ਹੈ ਕਿ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਇਸ ਹਮਲੇ ਨੂੰ "ਹਥਿਆਰਾਂ ਅਤੇ ਜਾਸੂਸੀ ਨਾਲ ਸਮਰਥਨ" ਦੇਣ ਦਾ ਹੁਕਮ ਦਿੱਤਾ ਹੈ।

ਅਲ-ਅਰੇਬੀਆ ਸਮਾਚਾਰ ਚੈਨਲ ਦੇ ਅਨੁਸਾਰ, ਸਟਾਰਮ ਆਫ ਰਿਜ਼ੋਲਵ (ਸੰਕਲਪਕਾਰੀ ਤੂਫਾਨ) ਨਾਮੀ ਇੱਕ ਕਾਰਵਾਈ ਵਿਚ ਸਾਊਦੀ ਅਰਬ ਅਤੇ ਹੋਰ ਖਾੜੀ ਦੇ ਉਸ ਦੇ ਮਿੱਤਰ ਦੇਸ਼ਾਂ ਦੇ 150,000 ਫੌਜੀ ਅਤੇ 100 ਲੜਾਕੂ ਜਹਾਜ਼ ਯਮਨ ਖਿਲਾਫ਼ ਜੰਗ ਵਿਚ ਤੈਨਾਤ ਕੀਤੇ ਗਏ ਹਨ। ਸੰਯੁਕਤ ਅਰਬ ਅਮੀਰਾਤ, ਬਹਰੇਨ, ਕੁਵੈਤ, ਕਤਰ, ਜਾਰਡਨ ਅਤੇ ਸੂਡਾਨ, ਇਨ੍ਹਾਂ ਮਿੱਤਰ ਦੇਸ਼ਾਂ ਨੇ ਲੜਾਕੂ ਜਹਾਜ਼ ਭੇਜਣ ਦਾ ਵਚਨ ਦਿੱਤਾ ਹੈ ਅਤੇ ਸੂਡਾਨ ਨੇ ਫੌਜ ਭੇਜਣ ਦਾ ਵੀ ਵਚਨ ਦਿੱਤਾ ਹੈ। ਮਿਸਰ ਨੇ ਨੌਸੈਨਿਕ ਅਤੇ ਹਵਾਈ ਫੌਜ ਦੀ ਮੱਦਦ ਦਾ ਵਾਅਦਾ ਕੀਤਾ ਹੈ ਅਤੇ ਪਤਾ ਲੱਗਾ ਹੈ ਕਿ ਇਹ ਜ਼ਮੀਨੀ ਫੌਜੀ ਵੀ ਭੇਜਣ ਵਾਲੇ ਹਨ। ਅਰਬ ਦੁਨੀਆ ਵਿਚ ਅਮਰੀਕੀ ਸਾਮਰਾਜਵਾਦ ਦੇ ਪੂਰੇ ਗਠਬੰਧਨ ਨੂੰ ਯਮਨ ਖਿਲਾਫ਼ ਇਸ ਜੰਗ ਵਿਚ ਲਾਮਬੰਦ ਕੀਤਾ ਗਿਆ ਹੈ।

ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ, ਯਮਨ ਦੀ ਏਕਤਾ ਦੇ ਇਸ ਘਾਣ ਲਈ ਸਾਊਦੀ ਅਰਬ ਸਰਕਾਰ ਅਤੇ ਉਸ ਦੇ ਅਮਰੀਕੀ ਸਾਮਰਾਜਵਾਦੀ ਸਮਰਥਕਾਂ ਦੀ ਨਿੰਦਿਆ ਕਰਦੀ ਹੈ। ਯਮਨ ਅਤੇ ਪੱਛਮੀ ਏਸ਼ੀਆ ਦੇ ਸੰਕਟ ਨੂੰ ਹੱਲ ਕਰਨਾ ਤਾਂ ਦੂਰ, ਇਹ ਹਮਲਾ ਉਸ ਸੰਕਟ ਨੂੰ ਹੋਰ ਡੂੰਘਾ ਕਰ ਦਿੰਦਾ ਹੈ।

ਬੀਤੇ ਕੁੱਝ ਵਰ੍ਹਿਆਂ ਦੌਰਾਨ ਯਮਨ ਵਿਚ ਗ੍ਰਹਿਯੁੱਧ ਛਿੜਿਆ ਹੋਇਆ ਹੈ। ਦੋ ਵਰ੍ਹੇ ਪਹਿਲਾਂ, "ਅਰਬ ਬਸੰਤ" ਦੇ ਤਹਿਤ, ਅਮਰੀਕੀ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਸਾਊਦੀ ਮਿਤੱਰਾਂ ਨੇ ਯਮਨ ਵਿਚ ਸੱਤਾ ਬਦਲਾਅ ਕਰਵਾਇਆ ਅਤੇ ਸਾਬਕਾ ਰਾਸ਼ਟਰਪਤੀ ਨੂੰ ਸੱਤਾ ਤੋਂ ਲਾਂਭੇ ਕਰ ਕੇ, ਅਬਦ ਰਬੂ ਮੰਸੂਰ ਹਾਦੀ ਨੂੰ ਰਾਸ਼ਟਰਪਤੀ ਪਦ 'ਤੇ ਬਿਟਾਇਆ। ਹੁਣ ਹਊਤੀ ਮਿਲਿਸ਼ੀਆ ਨਾਮੀ ਵਿਪੱਕੀ ਦਲਾਂ ਨੇ ਅਗਵਾਈ ਲੈ ਲਈ ਹੈ, ਪਹਿਲਾਂ ਸਤੰਬਰ 2014 ਵਿਚ ਰਾਜਧਾਨੀ ਸਾਨਾ 'ਤੇ ਕਬਜ਼ਾ ਕਰ ਲਿਆ ਹੈ, ਰਾਸ਼ਟਰਪਤੀ ਨੂੰ ਐਡਨ ਭੱਜਣ ਲਈ ਮਜਬੂਰ ਕੀਤਾ ਹੈ ਅਤੇ ਹੁਣ ਐਡਨ 'ਤੇ ਕਬਜ਼ਾ ਕਰਨ ਵਾਲੇ ਹਨ। ਯਮਨ 'ਤੇ ਹਮਲੇ ਨੂੰ ਵਾਜਬ ਠਹਿਰਾਉਣ ਲਈ ਸਾਊਦੀ ਹੁਕਮਰਾਨ ਇਹ ਬਹਾਨਾ ਦੇ ਰਹੇ ਹਨ ਕਿ ਹਊਤੀ ਮਿਲਿਸ਼ੀਆ ਨੂੰ ਇਰਾਨ ਦਾ ਸਮਰਥਨ ਪ੍ਰਾਪਤ ਹੈ। ਇਹ ਆਪਣੇ ਅਪਰਾਧਾਂ 'ਤੇ ਪਰਦਾ ਪਾਉਣ ਲਈ, ਉਲਟਾ ਚੋਰ ਕੋਤਵਾਲ ਨੂੰ ਡਾਂਟੇ ਦਾ ਪੁਰਾਣਾ ਤਰੀਕਾ ਹੈ।

ਯਮਨ ਸਾਊਦੀ ਅਰਬ ਦੀ ਦੱਖਣੀ ਹੱਦ 'ਤੇ, ਲਾਲ ਸਮੁੰਦਰ ਦੇ ਕੰਢੇ ਮੌਜੂਦ, ਰਣਨੀਤਕ ਮਹੱਤਵ ਰੱਖਣ ਵਾਲਾ ਦੇਸ਼ ਹੈ। ਜਦ ਤੋਂ ਅਰਬ ਸਾਗਰ ਨੂੰ ਭੂਮੱਧ ਸਾਗਰ ਦੇ ਨਾਲ ਜੋੜਨ ਵਾਲੇ ਸਵੇਜ ਨਹਰ ਨੂੰ ਬਣਾਇਆ ਗਿਆ ਸੀ, ਤਦ ਤੋਂ ਲਾਲ ਸਮੁੰਦਰ ਦੇ ਜ਼ਰੀਏ ਯੂਰੋਪ ਅਤੇ ਏਸ਼ੀਆ ਵਿਚਕਾਰ ਸਮੁੰਦਰੀ ਰਸਤੇ 'ਤੇ ਕਾਬੂ ਕਰਨ ਲਈ, ਇਤਿਹਾਸਿਕ ਤੌਰ 'ਤੇ ਏਡਨ ਦੀ ਬੰਦਰਗਾਹ ਦਾ ਬਹੁਤ ਮਹੱਤਵ ਰਿਹਾ ਹੈ। ਸਰਦ ਲੜਾਈ ਦੇ ਦੌਰਾਨ, ਅਮਰੀਕਾ ਅਤੇ ਸੋਵੀਅਤ ਸੰਘ ਦੀ ਆਪਸੀ ਮੁਕਾਬਲੇਬਾਜ਼ੀ ਦਾ ਇੱਕ ਮੁੱਖ ਖਿੱਤਾ ਸੀ। ਹੁਣ ਅਮਰੀਕੀ ਸਾਮਰਾਜਵਾਦੀਏ ਪੱਛਮੀ ਏਸ਼ੀਆ ਦੇ ਨਕਸ਼ੇ ਨੂੰ ਫਿਰ ਤੋਂ ਬਣਾਉਣਾ ਚਾਹੁੰਦੇ ਹਨ, ਇਸ ਲਈ ਅਮਰੀਕੀ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਸਾਊਦੀ ਅਰਬ ਮਿੱਤਰਾਂ ਨੇ ਯਮਨ ਖਿਲਾਫ਼ ਖੂੰਖਾਰ ਲੜਾਈ ਛੇੜ ਦਿੱਤੀ ਹੈ।

ਰਾਜਧਾਨੀ ਸਾਨਾ ਵਿਚ ਜਦ ਸਾਊਦੀ ਅਰਬ ਦੀ ਅਗਵਾਈ ਵਿਚ ਹਵਾਈ ਹਮਲਾ ਕੀਤਾ ਗਿਆ ਅਤੇ ਵੱਡੀ ਗਿਣਤੀ ਵਿਚ ਨਾਗਰਿਕ ਮਾਰੇ ਗਏ, ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਹੱਥਾਂ ਵਿਚ ਹਊਤੀ ਝੰਡੇ ਲੈ ਕੇ ਅਤੇ "ਅਮਰੀਕਾ ਮੁਰਦਾਬਾਦ!!" ਦੇ ਨਾਅਰੇ ਲਗਾਉਂਦੇ ਹੋਏ, ਸਾਮਾ ਦੇ ਪੁਰਾਣੇ ਸ਼ਹਿਰ ਦੇ ਫਾਟਕ 'ਤੇ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਏ।■

# ਅਮਰੀਕਾ ਵੱਲੋਂ ਵੈਨਜ਼ੂਏਲਾ ਉੱਤੇ ਲਗਾਈ ਰੋਕ ਦੀ ਨਿੰਦਿਆ ਕਰੋ!

9 ਮਾਰਚ, 2015 ਨੂੰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇੱਕ ਹੁਕਮ ਜਾਰੀ ਕੀਤਾ, ਜਿਸ ਵਿਚ ਵੈਨਜ਼ੂਏਲਾ ਦੇ 7 ਸਰਕਾਰੀ ਅਤੇ ਫੌਜੀ ਅਧਿਕਾਰੀਆਂ 'ਤੇ ਰੋਕ ਲਗਾਈ ਗਈ ਹੈ। ਇਨ੍ਹਾਂ 'ਤੇ ਦੋਸ਼ ਹਨ ਕਿ ਉਨ੍ਹਾਂ ਨੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਹੈ। ਨਾਲ ਦੇ ਨਾਲ ਇਸ ਵਿਚ ਵੈਨਜ਼ੂਏਲਾ ਦੀ ਹਾਲਤ ਦਾ ਵਰਨਣ ਇਸ ਤਰ੍ਹਾਂ ਕੀਤਾ ਗਿਆ ਹੈ ਜਿਵੇਂ ਕਿ ਇਸ ਨਾਲ "ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਨੂੰ ਬਹੁਤ ਜ਼ਿਆਦਾ ਖਤਰਾ ਹੈ।"

ਅਮਰੀਕੀ ਸਾਮਰਾਜਵਾਦ ਵੱਲੋਂ ਲਗਾਈਆਂ ਗਈਆਂ ਰੋਕਾਂ ਦੇ ਵਿਰੋਧ ਵਿਚ, ਲਾਤੀਨੀ ਅਮਰੀਕਾ ਦੇ ਅਨੇਕਾਂ ਦੇਸ਼ਾਂ ਦੀਆਂ ਸਰਕਾਰਾਂ ਵੈਨਜ਼ੂਏਲਾ ਦੀ ਸਰਕਾਰ ਅਤੇ ਲੋਕਾਂ ਦੇ ਸਰਮਥਨ ਵਿਚ ਅੱਗੇ ਆਈਆਂ ਹਨ।

ਦੱਖਣੀ ਅਮਰੀਕਾ ਦੇ 12 ਦੇਸ਼ਾਂ ਦੀ ਅਗਵਾਈ ਕਰਨ ਵਾਲੇ, ਦਿ ਯੂਨੀਅਨ ਆਫ ਸਾਊਥ ਅਮਰੀਕਨ ਨੇਸ਼ਨਸ (ਯੂਨਾਸੁਰ), ਨੇ 14 ਮਾਰਚ ਨੂੰ ਇੱਕ ਬਿਆਨ ਜਾਰੀ ਕੀਤਾ ਹੈ ਜਿਸ ਵਿਚ ਅਮਰੀਕੀ ਰੋਕਾਂ ਦੀ "ਆਜ਼ਾਦੀ ਅਤੇ ਦੂਸਰੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਦੇ ਸਿਧਾਂਤ 'ਤੇ ਧਮਕੀ" ਦੇ ਤੌਰ 'ਤੇ ਨਿੰਦਿਆ ਕੀਤੀ ਗਈ। ਯੂਨਾਸੁਰ ਦੇ ਸਾਰੇ ਮੈਂਬਰਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਏਕਵਾਡੋਰ ਦੇ ਕੀਟੋਹ ਵਿਚ ਇੱਕ ਵਿਸ਼ੇਸ਼ ਮੀਟਿੰਗ ਵਿਚ ਐਲਾਨ 'ਤੇ ਹਸਤਾਖਰ ਕੀਤੇ। ਇਸ ਮੀਟਿੰਗ ਦੇ ਪਹਿਲਾਂ ਵੀ, ਲਾਤੀਨੀ ਅਮਰੀਕਾ ਦੇ ਅਨੇਕਾਂ ਰਾਜ ਪ੍ਰਧਾਨਾਂ ਨੇ ਅਮਰੀਕੀ ਰੋਕਾਂ ਅਤੇ ਵੈਨਜ਼ੂਏਲਾ ਨੂੰ ਅਮਰੀਕਾ ਦੀ "ਸੁਰੱਖਿਆ ਲਈ ਇੱਕ ਖਤਰਾ" ਦੱਸਣ ਦੀ ਨਿੰਦਿਆ ਕੀਤੀ ਸੀ।

ਵੈਨਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੇ ਅਮਰੀਕਾ ਦੇ ਲੋਕਾਂ ਨੂੰ ਇੱਕ ਖੁੱਲ੍ਹਾ ਪੱਤਰ ਨਿਊਯਾਰਕ ਟਾਈਮਸ ਵਿਚ ਪ੍ਰਕਾਸ਼ਿਤ ਕੀਤਾ, ਜਿਸ ਵਿਚ ਅਮਰੀਕੀ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਉਹ ਵੈਨਜ਼ੂਏਲਾ ਦੀ ਸਰਕਾਰ ਅਤੇ ਲੋਕਾਂ ਖਿਲਾਫ਼ ਦੁਸ਼ਮਣੀ ਦੀਆਂ ਕਾਰਵਾਈਆਂ ਨੂੰ ਫੌਰਨ ਰੋਕੇ, ਕਿ ਰਾਸ਼ਟਰਪਤੀ ਬਰਾਕ ਓਬਾਮਾ ਵੈਨਜ਼ੂਏਲਾ ਨੂੰ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਖਤਰਾ ਦੱਸਣ ਵਾਲੇ ਪ੍ਰਸ਼ਾਸਨਿਕ ਹੁਕਮਾਂ ਨੂੰ ਰੱਦ ਕਰਨ ਵਰਗੀ ਮੰਗ ਯੁਨਾਸੁਰ ਨੇ ਕੀਤੀ ਹੈ, ਅਤੇ ਅਮਰੀਕਾ ਵੈਨਜ਼ੂਏਲਾ ਦੇ ਅਧਿਕਾਰੀਆਂ ਖਿਲਾਫ਼ ਆਪਣੇ ਮਾਨਹਾਨੀਕਾਰਕ ਬਿਆਨ ਨੂੰ ਵਾਪਿਸ ਲਵੇ, ਜੋ ਮਹਿਜ਼ ਸਰਕਾਰੀ ਹੁਕਮਾਂ ਦਾ ਪਾਲਣ ਕਰ ਰਹੇ ਸਨ। ਉਨ੍ਹਾਂ ਨੇ ਵੈਨਜ਼ੂਏਲਾ ਦੀ ਸਰਕਾਰ ਦਾ ਤਖਤਾ ਪਲਟਣ ਦੀ ਸਾਜਿਸ਼ ਰਚਣ ਲਈ ਅਮਰੀਕੀ ਪ੍ਰਸ਼ਾਸਨ ਦੀ ਵੀ ਨਿੰਦਿਆ ਕੀਤੀ।

ਅਲੱਗ-ਅਲੱਗ ਦੇਸ਼ਾਂ ਵਿਚ ਹਕੂਮਤ ਬਦਲਣ ਲਈ ਅਮਰੀਕੀ ਸਾਮਰਾਜਵਾਦ ਦਾ ਪਸੰਦੀਦਾ ਤਰੀਕਾ, ਪ੍ਰਤਿਕ੍ਰਿਆਵਾਦੀ ਤਾਕਤਾਂ ਨੂੰ ਆਮ ਲੋਕਾਂ ਅਤੇ ਸੁਰੱਖਿਆ ਬਲਾਂ ਖਿਲਾਫ਼ ਭੜਕਾਉਣਾ ਅਤੇ ਅਰਾਜਕਤਾ ਅਤੇ ਹਿੰਸਾ ਫੈਲਾਉਣਾ ਹੈ। ਜਦ ਰਾਜ ਵਿਵਸਥਾ ਅਰਾਜਕਤਾ ਅਤੇ ਹਿੰਸਾ ਰੋਕਣ ਦੀ ਕਾਰਵਾਈ ਕਰਦੀ ਹੈ ਤਦ ਸਾਮਰਾਜਵਾਦ ਵੱਲੋਂ ਕਾਬੂ ਕੀਤਾ ਮੀਡੀਆ ਅੰਤਰਰਾਸ਼ਟਰੀ ਤੌਰ 'ਤੇ ਇੱਕ ਮੁਹਿੰਮ ਚਲਾਉਂਦਾ ਹੈ ਜਿਸ ਵਿਚ ਉਹ ਕਥਿਤ ਤੌਰ 'ਤੇ "ਮਨੁੱਖੀ ਹੱਕਾਂ" ਖਿਲਾਫ਼ ਅਤੇ ਹਕੂਮਤ ਬਦਲਣ ਦਾ ਪ੍ਰਚਾਰ ਕਰਦੇ ਹਨ। ਵੈਨਜ਼ੂਏਲਾ ਵਿਚ ਵੀ ਇਸ ਤਰ੍ਹਾਂ ਹੀ ਕੀਤਾ ਗਿਆ ਹੈ।

ਪਰੰਪਰਾਗਤ ਰੂਪ ਤੋਂ ਅਮਰੀਕੀ ਸਾਮਰਾਜਵਾਦ ਲਾਤੀਨੀ ਅਮਰੀਕਾ ਦੇ ਦੇਸ਼ਾਂ ਨੂੰ ਮਨਮਰਜ਼ੀ ਨਾਲ ਲੁੱਟ ਕਰਨ ਦਾ ਆਪਣਾ "ਪਿਛਲਾ ਅਹਾਤਾ" ਮੰਨਦਾ ਹੈ। ਹਾਲ ਦੇ ਵਰ੍ਹਿਆਂ ਵਿਚ, ਲਾਤੀਨੀ ਅਮਰੀਕਾ ਦੀਆਂ ਅਨੇਕਾਂ ਸਰਕਾਰਾਂ ਨੇ ਅਮਰੀਕੀ ਰਾਜ ਅਤੇ ਅਮਰੀਕੀ ਬਹੁਰਾਸ਼ਟਰੀ ਕੰਪਨੀਆਂ ਵੱਲੋਂ ਆਪਣੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਦਾ ਏਕਤਾਬੱਧ ਵਿਰੋਧ ਕਰਨ ਲਈ ਅਤੇ ਆਪਣੇ ਰਾਸ਼ਟਰੀ ਹੱਕਾਂ ਅਤੇ ਰਾਸ਼ਟਰੀ ਹਕੂਮਤ ਦੀ ਰੱਖਿਆ ਵਿਚ ਮੋਰਚਾ ਬਣਾਇਆ ਹੈ ਜੋ ਅਮਰੀਕੀ ਸਾਮਰਾਜਵਾਦ ਦੇ ਗਲੇ ਵਿਚ ਇੱਕ ਕੰਢਾ ਬਣ ਗਿਆ ਹੈ। ਅਮਰੀਕੀ ਸਾਮਰਾਜਵਾਦੀ ਰਾਜ ਹਰ ਤਰ੍ਹਾਂ ਦੀ ਚਾਲਬਾਜ਼ੀ ਵਿਚ ਇਸ ਵਿਰੋਧ ਨੂੰ ਦੱਬਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਇਸ ਇਲਾਕੇ ਵਿਚ ਅਸਥਿਰਤਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜਿਨ੍ਹਾਂ ਦਾ ਵਿਰੋਧ ਲਾਤੀਨੀ ਅਮਰੀਕੀ ਸਰਕਾਰਾਂ ਅਤੇ ਲੋਕ ਕਰ ਰਹੇ ਹਨ।

ਮਜ਼ਦੂਰ ਏਕਤਾ ਲਹਿਰ, ਅਮਰੀਕੀ ਸਾਮਰਾਜਵਾਦ ਵੱਲੋਂ ਵੈਨਜ਼ੂਏਲਾ 'ਤੇ ਲਗਾਈਆਂ ਗਈਆਂ ਰੋਕਾਂ ਅਤੇ ਉਸ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ-ਅੰਦਾਜ਼ੀ ਦੀਆਂ ਕੋਸ਼ਿਸ਼ਾਂ ਦੀ ਸਖਤ ਨਿੰਦਿਆ ਕਰਦੀ ਹੈ।■

# ਮਜ਼ਦੂਰਾਂ, ਵਿਦਿਆਰਥੀਆਂ ਅਤੇ ਹੋਰ ਲੋਕਾਂ ਵੱਲੋਂ ਫਾਸੀਵਾਦ ਵਿਰੋਧੀ ਰੈਲੀ

ਇੰਗਲੈਂਡ, ਵੇਲਸ ਅਤੇ ਸਕਾਟਲੈਂਡ ਦੇ ਇੱਕ ਹਿੱਸੇ ਤੋਂ ਦੂਸਰੇ ਹਿੱਸੇ ਤੱਕ, ਹਜ਼ਾਰਾਂ ਲੋਕਾਂ ਨੇ ਨਸਲੀ ਹਮਲਿਆਂ ਅਤੇ ਫਾਸ਼ੀਵਾਦ ਦੇ ਵਿਰੋਧ ਵਿਚ, ਸੰਯੁਕਤ ਰਾਸ਼ਟਰ ਨਸਲਵਾਦ ਵਿਰੋਧੀ ਦਿਵਸ 'ਤੇ, 21 ਮਾਰਚ ਨੂੰ ਵਿਰੋਧ ਪ੍ਰਦਰਸ਼ਨ ਕੀਤੇ। ਇਹ ਦਿਨ 1960 ਦੇ ਸ਼ਾਰਪਵਿਲ ਕਤਲੇਆਮ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ ਯਾਦ ਕੀਤਾ ਗਿਆ ਹੈ ਜਦ ਨਸਲੀ ਨੀਤੀ ਦਾ ਵਿਰੋਧ ਕਰਨ ਵਾਲੇ 69 ਸ਼ਾਂਤੀਪੂਰਣ ਪ੍ਰਦਰਸ਼ਨਕਾਰੀਆਂ ਨੂੰ ਦੱਖਣੀ ਅਫਰੀਕਾ ਦੀ ਪੁਲਿਸ ਨੇ ਗੋਲੀ ਨਾਲ ਉੜਾ ਦਿੱਤਾ ਸੀ।

ਲੰਦਨ, ਗਲਾਸਗੋ, ਕਾਰਡਿਫ ਅਤੇ ਐਡਿਨਵਰਗ ਵਿਚ ਪ੍ਰਦਰਸ਼ਨਕਾਰੀਆਂ ਨੇ ਰਾਜ ਅਤੇ ਪ੍ਰਤੀਕਿਰਿਆਵਾਦੀ ਤਾਕਤਾਂ ਵੱਲੋਂ ਲੋਕਾਂ ਨੂੰ ਵੰਡਣ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਸਾਫ਼ ਸ਼ਬਦਾਂ ਵਿਚ ਖਾਰਜ ਕੀਤਾ। ਜਰਮਨੀ, ਯੂਨਾਨ ਅਤੇ ਯੂਰੋਪ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਇਸ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ ਹੋਏ। ਹਰ ਤਰ੍ਹਾਂ ਦੇ ਲੋਕਾਂ ਨੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਵਿਚ ਹਿੱਸਾ ਲਿਆ ਅਤੇ ਟਰੇਡ ਯੂਨੀਅਨਾਂ ਅਤੇ ਵਿਦਿਆਰਥੀ ਕਾਰਜਕਰਤਾਵਾਂ ਅਤੇ ਹੋਰ ਲੋਕਾਂ ਦੇ ਮਹੱਤਵਪੂਰਣ ਭਾਸ਼ਣ ਸੁਣੇ।

ਪ੍ਰਦਰਸ਼ਨਕਾਰੀਆਂ ਦੇ ਬੈਨਰਾਂ 'ਤੇ ਨਜ਼ਰ ਆਉਣ ਵਾਲੇ ਨਾਅਰੇ ਸਨ, "ਇਸਲਾਮੋ-ਫੋਬੀਆ (ਮੁਲਮਾਨਾਂ ਨੂੰ ਹਊਆ ਦਿਖਾਉਣਾ) ਨਹੀਂ ਚੱਲੇਗਾ", "ਮੁਸਲਮਾਨਾਂ ਦੀ ਜ਼ਿੰਦਗੀ ਬੇਕਾਰ ਨਹੀਂ ਹੈ", "ਫਰਗੂਸਨ ਤੋਂ ਲੰਦਨ ਤੱਕ, ਕਾਲੇ ਲੋਕਾਂ ਦੀ ਜ਼ਿੰਦਗੀ ਬੇਕਾਰ ਨਹੀਂ ਹੈ", "ਯਹੂਦੀਆਂ ਵਿਰੁੱਧ ਭਾਵਨਾਵਾਂ ਨੂੰ ਹਮੇਸ਼ਾ ਲਈ ਖਤਮ ਕਰ ਦਿਓ" ਅਤੇ "ਪਰਵਾਸੀਆਂ ਦਾ ਇਥੇ ਸਵਾਗਤ ਹੈ"।

ਪਰਵਾਸੀ ਭਾਈਚਾਰੇ ਵਿਰੁੱਧ ਬਰਤਾਨਵੀ ਅਤੇ ਯੂਰਪੀ ਸਮਰਾਏਦਾਰਾਂ ਵੱਲੋਂ ਫਾਸ਼ੀਵਾਦੀ ਗੁਟਾਂ ਦੇ ਅਯੋਜਨ ਦਾ ਇਹ ਬਹੁਤ ਸਹੀ ਜਵਾਬ ਸੀ। ਇੱਕ ਸ਼ਹਿਰ ਤੋਂ ਦੂਸਰੇ ਸ਼ਹਿਰ ਤੱਕ, ਪ੍ਰਦਰਸ਼ਨਕਾਰੀਆਂ ਨੇ - ਸਾਫ ਸਾਫ ਦਿਖਾਇਆ ਕਿ ਉਹ ਇਸ ਪ੍ਰਚਾਰ ਤੋਂ ਤੰਗ ਆ ਚੁੱਕੇ ਹਨ ਜੋ ਆਰਥਿਕ ਸੰਕਟ ਲਈ ਪਰਵਾਸੀਆਂ ਨੂੰ ਜ਼ਿੰਮੇਵਾਰ ਦੱਸਦਾ ਹੈ ਜਦਕਿ ਸੱਚਾਈ ਵਿਚ ਇਸ ਤਰ੍ਹਾਂ ਹੈ ਹੀ ਨਹੀਂ। ਇੱਕ ਪਾਸੇ ਤਾਂ, ਸਰਮਾਏਦਾਰ "ਆਰਥਿਕ ਨਿਯਮਾਂ" ਦੇ ਬਹਾਨੇ ਸਮਾਜਿਕ ਖਰਚ ਨੂੰ ਘੱਟ ਕਰ ਰਹੇ ਹਨ। ਦੂਜੇ ਪਾਸੇ, ਲੋਕਾਂ ਦੀਆਂ ਅਸਲ ਅਸੁਰੱਖਿਆਵਾਂ ਦਾ ਇਸਤੇਮਾਲ ਕਰਕੇ, ਉਹ ਨਸਲਵਾਦ ਅਤੇ ਫੁੱਟ ਦੇ ਬੂਟੇ ਲਾ ਰਹੇ ਹਨ। ਇਹ ਖਾਸ ਤੌਰ 'ਤੇ ਜਰਮਨੀ ਅਤੇ ਯੂਨਾਨ ਵਿਚ ਦੇਖਿਆ ਜਾ ਸਕਦਾ ਹੈ ਜਿਥੇ ਨਸਲਵਾਦੀ ਅਤੇ ਫਾਸ਼ੀਵਾਦੀ ਗੁਟਾਂ ਨੂੰ ਪਰਵਾਸੀਆਂ ਵਿਚਕਾਰ ਦਹਿਸ਼ਤ ਫੈਲਾਉਣ ਲਈ ਅਯੋਜਿਤ ਕੀਤਾ ਜਾ ਰਿਹਾ ਹੈ।

ਵਿਰੋਧ ਪ੍ਰਦਰਸ਼ਨ ਨੂੰ 12 ਤੋਂ ਜ਼ਿਆਦਾ ਸੰਗਠਨਾਂ ਨੇ ਅਯੋਜਿਤ ਕੀਤਾ ਸੀ ਜਿਨ੍ਹਾਂ ਵਿਚ ਸ਼ਾਮਿਲ ਹਨ, ਸਟੈਂਡ ਅਪ ਟੂ ਰੇਸਿਜ਼ਮ ਐਂਡ ਫੈਸਿਜ਼ਮ, ਯੂਨਾਈਟ ਅੰਗੇਂਸਟ ਫੈਸਿਜਮ, ਦਿ ਮੁਸਲਿਮ ਕੌਂਸਲ ਆਫ ਬ੍ਰਿਟੇਨ, ਸਟਾਪ ਦਿ ਵਾਰ, ਦਿ ਸਕਾਟਿਸ ਟ੍ਰੇਡ ਯੂਨੀਅਨ ਕਾਂਗਰਸ, ਅਤੇ ਹੋਰ।

ਅਯੋਜਕਾਂ ਨੇ ਸਮਝਾਇਆ ਕਿ "ਜਰਮਨੀ ਤੋਂ ਯੂਨਾਨ ਅਤੇ ਫਰਗੂਸਨ ਤੱਕ, ਲੋਕ ਸੜਕਾਂ 'ਤੇ ਉੱਤਰ ਆਏ ਹਨ ਕਿਉਂਕਿ ਉਹ ਨਸਲਵਾਦ-ਮੁਕਤ ਸਮਾਜ ਚਾਹੁੰਦੇ ਹਨ ਅਤੇ ਕਹਿ ਰਹੇ ਹਨ ਕਿ ਹੁਣ ਉਹ ਹੋਰ ਨਹੀਂ ਸਹਿਣਗੇ! ਲੋਕ ਵੱਡੀ ਗਿਣਤੀ ਵਿਚ ਸੜਕਾਂ 'ਤੇ ਉੱਤਰ ਰਹੇ ਹਨ ਕਿਉਂਕਿ ਉਹ ਸੰਸਥਾਗਤ ਨਸਲਵਾਦ ਖਤਮ ਕਰਨਾ ਚਾਹੁੰਦੇ ਹਨ, ਅਲੱਗ ਅਲੱਗ ਸੰਗਠਨਾਂ 'ਤੇ ਪੁਲਿਸ ਦੀ ਹਿੰਸਾ ਨੂੰ ਰੋਕਣਾ ਚਾਹੁੰਦੇ ਹਨ ਅਤੇ ਇਨ੍ਹਾਂ ਦੀ ਖਿਲਾਫ਼ਤ ਕਰ ਰਹੇ ਹਨ।

ਅਮਰੀਕੀ ਸਾਮਰਾਜਵਾਦ ਦੇ ਫਾਸ਼ੀਵਾਦ ਅਤੇ ਮਾਰੂ ਜੰਗ-ਫਰੋਸ਼ੀ ਅਤੇ ਦੇਸ਼ਾਂ ਦੀ ਹਕੂਮਤ ਦੇ ਘਾਣ ਦਾ ਵਿਰੋਧ ਕਰਨ ਲਈ ਅਮਰੀਕਾ ਵਿਚ ਵੀ ਲੋਕ ਸੜਕਾਂ 'ਤੇ ਉੱਤਰੇ। ਅਨੇਕਾਂ ਵਿਰੋਧ ਪ੍ਰਦਰਸ਼ਨਾਂ ਵਿਚ ਉਹ ਅਮਰੀਕੀ ਸੈਨਾ ਦੀ ਵਿਦੇਸ਼ਾਂ ਵਿਚ ਭੂਮਿਕਾ ਦਾ ਵਿਰੋਧ ਕਰ ਰਹੇ ਸਨ। 21 ਮਾਰਚ, 2015 ਨੂੰ ਪ੍ਰਦਰਸ਼ਨਕਾਰੀਆਂ ਨੇ ਇੱਕ ਨਕਲੀ ਤਬੂਤ ਚੱਕ ਕੇ ਵਾਈਟ ਹਾਊਸ ਦੇ ਸਾਹਮਣੇ ਪ੍ਰਦਰਸ਼ਨ ਕੀਤਾ। ਪੱਛਮੀ ਏਸ਼ੀਆ ਵਿਚ ਪ੍ਰਸ਼ਾਸਨ ਦੀਆਂ ਨੀਤੀਆਂ ਦੇ ਵਿਰੋਧ ਵਿਚ ਅਲੱਗ-ਅਲੱਗ ਸ਼ਹਿਰਾਂ ਵਿਚ ਹਜ਼ਾਰਾਂ ਲੋਕਾਂ ਨੇ ਰੈਲੀਆਂ ਵਿਚ ਹਿੱਸਾ ਲਿਆ। ਵਾਸ਼ਿੰਗਟਨ ਡੀ.ਸੀ. ਵਿਚ 2003 'ਚ ਇਰਾਕ 'ਤੇ ਹਮਲੇ ਦੀ ਬਰਸੀ ਮਨਾਈ ਗਈ। ਉਨ੍ਹਾਂ ਨੇ ਅਫਗਾਨਿਸਤਾਨ ਅਤੇ ਪਾਕਿਸਤਾਨ ਸਮੇਤ ਅਨੇਕ ਮੁਸਲਿਮ ਦੇਸ਼ਾਂ ਉੱਤੇ ਸੀ.ਆਈ.ਏ. ਵੱਲੋਂ ਸੰਚਾਲਤ ਡਰੋਨ ਮੁਹਿੰਮਾਂ ਦਾ ਵੀ ਵਿਰੋਧ ਕੀਤਾ। ਇਸੇ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ ਲਾਸ ਐਂਜਲਸ ਅਤੇ ਦੂਸਰੇ ਸ਼ਹਿਰਾਂ ਵਿਚ ਵੀ ਹੋਏ।

ਇਸ ਦਿਨ ਹਜਾਰਾਂ ਲੋਕਾਂ ਨੇ ਨਸਲਵਾਦ, ਫਾਸ਼ੀਵਾਦ ਅਤੇ ਜੰਗ ਦੇ ਖਿਲਾਫ਼ ਆਪਣੇ ਵਿਚਾਰ ਪੇਸ਼ ਕੀਤੇ। ■






# ਰੋਜ਼ਗਾਰ ਸੁਰੱਖਿਆ ਦੇ ਲਈ ਆਈ.ਟੀ. ਮਜਦੂਰਾਂ ਦਾ ਸੰਘਰਸ਼ ਜਾਰੀ

ਰੋਜ਼ਗਾਰ ਦੀ ਸੁਰੱਖਿਆ ਅਤੇ ਇਨਸਾਫ ਦੇ ਲਈ, ਟਾਟਾ ਕਨਸਲਟੈਂਸੀ ਸਰਵਿਸੇਜ਼ (ਟੀ.ਸੀ.ਐਸ.) ਦੇ ਮਜ਼ਦੂਰਾਂ ਦੇ ਲਗਾਤਾਰ ਚੱਲਦੇ ਆ ਰਹੇ ਸੰਘਰਸ਼ ਦੇ ਤਹਿਤ, ਦੇਸ਼-ਭਰ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਈ ਤਰ੍ਹਾਂ ਦੇ ਪ੍ਰੋਗਰਾਮ ਜਥੇਬੰਦ ਕੀਤੇ ਗਏ ਹਨ। ਹਾਲ ਹੀ ਵਿੱਚ ਚੇਨੱਈ ਵਿੱਚ ਫੋਰਮ ਫਾਰ ਇਨਫਰਮੇਸ਼ਨ ਟੈਕਨੋਲਾਜੀ ਇਮਪਲਾਈਜ਼ (ਐਫ.ਆਈ.ਟੀ.ਈ. - ਫਾਈਟ) ਨੇ ਇੱਕ ਸਭਾ ਜਥੇਬੰਦ ਕੀਤੀ ਜਿਹਦੇ 'ਚ ਇਸ ਸੰਘਰਸ਼ ਦੀ ਸਥਿਤੀ ਦੇ ਬਾਰੇ ਵਿੱਚ ਵਿਸਥਾਰ ਨਾਲ ਦੱਸਿਆ ਗਿਆ।

ਕਾਮਰੇਡ ਥਮਿਜ ਨਜ਼ਰ ਨੇ ਟੀ.ਸੀ.ਐਸ. 'ਚੋਂ ਕੱਢੇ ਗਏ ਕਰਮਚਾਰੀਆਂ ਦੇ ਸੰਘਰਸ਼ ਦੀ ਪਿੱਠਭੂਮੀ ਦੇ ਬਾਰੇ ਜਾਣਕਾਰੀ ਦਿੱਤੀ। ਟੀ.ਸੀ.ਐਸ. ਤੋਂ ਵੱਡੇ ਪੈਮਾਨੇ 'ਤੇ ਛਾਂਟੀ ਕੀਤੇ ਜਾਣ ਤੋਂ ਚਿੰਤਤ ਯੰਗ ਤਾਮਿਲਨਾਡੂ ਮੂਵਮੈਂਟ (ਵਾਈ.ਟੀ.ਐਨ.ਐਮ.) ਨੇ ਫੇਸਬੁੱਕ ਉੱਤੇ "ਵੀ ਆਰ ਅਗੇਂਸਟ ਟੀ.ਸੀ.ਐਸ. ਲੇਆਫਸ" (ਅਸੀਂ ਟੀ.ਸੀ.ਐਸ. 'ਚੋਂ ਛਾਂਟੀ ਦੇ ਖਿਲਾਫ਼ ਹਾਂ) ਨਾਮਕ ਇੱਕ ਸਮੂਹਿਕ ਮੁਹਿੰਮ ਪੇਜ ਸ਼ੁਰੂ ਕੀਤਾ ਹੈ। ਇਸ ਪੇਜ ਨੂੰ ਬਹੁਤ ਲੋਕਾਂ ਨੇ ਪਸੰਦ ਕੀਤਾ ਹੈ। ਕਈ ਆਈ.ਟੀ. ਕਰਮਚਾਰੀ, ਜੋ ਗੈਰ-ਕਨੂੰਨੀ ਤਰੀਕੇ ਨਾਲ ਕੱਢੇ ਜਾਣ ਤੋਂ ਪ੍ਰਭਾਵਿਤ ਹੋਏ ਹਨ, ਉਨ੍ਹਾਂ ਨੇ ਇਸ ਪੇਜ 'ਤੇ ਸੰਪਰਕ ਕੀਤਾ ਹੈ। ਪ੍ਰਭਾਵਿਤ ਕਰਮਚਾਰੀਆਂ ਨਾਲ ਤਾਲਮੇਲ ਬਣਾਉਣ ਅਤੇ ਦੇਸ਼-ਭਰ ਦੇ ਆਈ.ਟੀ. ਕਰਮਚਾਰੀਆਂ ਨੂੰ ਇਕੱਠੇ ਕਰਨ ਦੇ ਉਦੇਸ਼ ਨਾਲ, 29 ਦਸੰਬਰ 2014 ਨੂੰ ਚੇਨੱਈ ਵਿੱਚ ਐਫ.ਆਈ.ਟੀ.ਈ. (ਫਾਈਟ) ਦਾ ਗਠਨ ਕੀਤਾ ਗਿਆ। ਚੇਨੱਈ ਤੋਂ ਇਲਾਵਾ ਬੇਂਗਲੂਰੂ, ਹੈਦਰਾਬਾਦ, ਪੁਣੇ, ਮੁੰਬਈ, ਦਿੱਲੀ, ਭੁਵਨੇਸ਼ਵਰ ਅਤੇ ਕੋਲਕਾਤਾ ਵਰਗੇ ਸ਼ਹਿਰਾਂ ਵਿੱਚ ਵੀ, ਜਿੱਥੇ ਟੀ.ਸੀ.ਐਸ. ਕਰਮਚਾਰੀ ਪ੍ਰਭਾਵਿਤ ਹੋਏ ਹਨ, ਫਾਈਟ ਦੀਆਂ ਸ਼ਾਖਾਵਾਂ ਗਠਿਤ ਕੀਤੀਆਂ ਗਈਆਂ ਹਨ। ਟੀ.ਸੀ.ਐਸ. ਤੋਂ ਇਲਾਵਾ ਹੋਰ ਕਈ ਆਈ.ਟੀ. ਕੰਪਨੀਆਂ ਦੇ ਕਰਮਚਾਰੀਆਂ ਨੇ ਵੀ ਸੰਪਰਕ ਸਥਾਪਤ ਕੀਤਾ ਹੈ ਅਤੇ ਦੇਸ਼-ਭਰ ਵਿੱਚ ਕਈ ਕਾਰਵਾਈਆਂ 'ਚ ਹਿੱਸਾ ਲਿਆ ਹੈ, ਜਿਵੇਂ ਕਿ ਮਾਨਵ ਕੜੀ ਬਣਾਉਣਾ, ਆਈ.ਟੀ. ਮਜ਼ਦੂਰਾਂ ਦੇ ਹੱਕਾਂ ਬਾਰੇ ਸੈਮੀਨਾਰਾਂ, ਮੁਜ਼ਾਹਰਿਆਂ, ਆਦਿ ਵਿੱਚ ਹਿੱਸਾ ਲੈਣਾ। ਟੀ.ਸੀ.ਐਸ. ਦੇ ਕਈ ਕਰਮਚਾਰੀ ਜਿਨ੍ਹਾਂ ਦੀ ਨੌਕਰੀ ਖੁੱਸ ਗਈ ਹੈ, ਉਨ੍ਹਾਂ ਨੇ ਫਾਈਟ ਦੀ ਹਮਾਇਤ ਨਾਲ ਅਦਾਲਤ ਵਿੱਚ ਕੇਸ ਦਰਜ ਕੀਤਾ ਹੈ ਅਤੇ ਨੌਕਰੀ ਬਹਾਲ ਕਰਨ ਦੀ ਮੰਗ ਕੀਤੀ ਹੈ। ਫਾਈਟ ਨੇ ਮੰਗ ਕੀਤੀ ਹੈ ਕਿ ਕੇਂਦਰ ਅਤੇ ਸੂਬਾਈ ਸਰਕਾਰਾਂ ਇਸ ਮਾਮਲੇ 'ਚ ਦਖ਼ਲ ਦੇਣ ਅਤੇ ਆਈ.ਟੀ. ਮਜ਼ਦੂਰਾਂ ਲਈ ਇਨਸਾਫ ਯਕੀਨੀ ਬਣਾਉਣ।

ਅੰਕੜਿਆਂ ਅਤੇ ਤੱਥਾਂ ਦੇ ਅਧਾਰ 'ਤੇ ਆਈ.ਟੀ. ਕਾਰਜਕਰਤਾਵਾਂ ਨੇ ਵਿਖਾਇਆ ਕਿ ਕਿਸ ਤਰ੍ਹਾਂ ਨਾਲ ਟੀ.ਸੀ.ਐਸ. ਅਤੇ ਹੋਰ ਕੰਪਨੀਆਂ, ਆਪਣੇ ਅਧਿਕਤਮ ਮੁਨਾਫੇ ਯਕੀਨੀ ਬਣਾਉਣ ਲਈ, ਨੌਕਰੀ ਦੇ ਪਹਿਲੇ ਕੁੱਝ ਸਾਲਾਂ ਅੰਦਰ ਹੀ ਆਈ.ਟੀ. ਮਜ਼ਦੂਰਾਂ ਦੀ ਮਿਹਨਤ ਅਤੇ ਜਵਾਨੀ ਨੂੰ ਪੂਰੀ ਤਰ੍ਹਾਂ ਚੂਸ ਲੈਂਦੀਆਂ ਹਨ ਅਤੇ ਫਿਰ ਤਜਰਬੇਕਾਰ ਮਜ਼ਦੂਰਾਂ ਨੂੰ ਕੱਢ ਦਿੰਦੀਆਂ ਹਨ। ਇਹੀਓ ਕੰਪਨੀਆਂ ਬੜੀ ਬੇਸ਼ਰਮੀ ਨਾਲ ਦਾਵਾ ਕਰਦੀਆਂ ਹਨ ਕਿ ਉਹ ਸਮਾਜ ਦੀ ਭਲਾਈ ਲਈ ਕੰਮ ਕਰ ਰਹੀਆਂ ਹਨ!

ਕਾਮਰੇਡ ਸੇਂਥਿਲ ਨੇ ਕਿਹਾ ਕਿ ਮੁੱਖ ਰੇਖਾ ਇਸ ਗੱਲ 'ਤੇ ਹੈ ਕਿ ਕੀ ਆਈ.ਟੀ. ਕਰਮਚਾਰੀ ਵੀ ਮਜ਼ਦੂਰ ਹਨ ਅਤੇ ਕੀ ਉਨ੍ਹਾਂ ਨੂੰ ਇੱਕ ਮਜ਼ਦੂਰ ਬਤੌਰ ਹੱਕ ਹਨ, ਜਿਵੇਂ ਕਿ ਦੇਸ਼ ਦੇ ਹੋਰ ਮਜ਼ਦੂਰਾਂ 'ਤੇ ਲਾਗੂ ਹੁੰਦੇ ਹਨ। ਇਸ ਵਕਤ ਆਈ.ਟੀ. ਕੰਪਨੀਆਂ ਅਤੇ ਸਰਮਾਏਦਾਰ ਦਾਵਾ ਕਰਦੇ ਰਹੇ ਹਨ ਕਿ ਉਦਯੋਗਿਕ ਵਿਵਾਦ ਕਨੂੰਨ 1947 ਅਤੇ ਦੇਸ਼ ਦੇ ਹੋਰ ਕਿਰਤ ਕਨੂੰਨਾਂ ਵਿੱਚ ਦਿੱਤੀ ਗਈ ਪਰਿਭਾਸ਼ਾ ਦੇ ਮੁਤਾਬਕ ਆਈ.ਟੀ. ਕਰਮਚਾਰੀ ਮਜ਼ਦੂਰ ਨਹੀਂ ਹਨ। ਸੱਭ ਇਸ ਸੱਚਾਈ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿ ਆਈ.ਟੀ. ਕਰਮਚਾਰੀ ਤਮਾਮ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਸਾਫਟਵੇਅਰ ਬਣਾਉਂਦੇ ਹਨ, ਜਿਨ੍ਹਾਂ ਨੂੰ ਦੁਨੀਆਂ-ਭਰ ਵਿੱਚ ਵੇਚ ਕੇ ਅਥਾਹ ਮੁਨਾਫਾ ਕਮਾਇਆ ਜਾਂਦਾ ਹੈ। ਲੇਕਿਨ ਇਸਦੇ ਬਾਵਜੂਦ ਆਈ.ਟੀ. ਕਰਮਚਾਰੀਆਂ ਨੂੰ ਮਜ਼ਦੂਰ ਬਤੌਰ ਹੱਕ ਨਹੀਂ ਦਿੱਤੇ ਜਾਂਦੇ।

ਕਾਮਰੇਡ ਪਰਿਮਾਲਾ ਨੇ ਦੱਸਿਆ ਕਿ ਕਿਸ ਤਰ੍ਹਾਂ ਨਾਲ ਟੀ.ਸੀ.ਐਸ. ਅਤੇ ਹੋਰ ਆਈ.ਟੀ. ਅਤੇ ਆਈ.ਟੀ. ਅਧਾਰਿਤ ਸੇਵਾ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਵਿੱਚ ਇਸਤਰੀਆਂ ਨਾਲ ਭੇਦਭਾਵ ਕੀਤਾ ਜਾਂਦਾ ਹੈ। ਇਸਤਰੀ ਆਈ.ਟੀ. ਕਰਮਚਾਰੀ ਨੂੰ ਪ੍ਰਸੂਤ ਦੇ ਦੁਰਾਨ ਉਹਦੇ ਕਨੂੰਨੀ ਅਤੇ ਸਮਾਜਕ ਹੱਕਾਂ ਤੋਂ ਵੰਚਿਤ ਕੀਤਾ ਜਾਂਦਾ ਹੈ, ਜਦਕਿ ਕਈ ਹੋਰ ਦੇਸ਼ਾਂ ਵਿੱਚ ਉਨ੍ਹਾਂ ਵਰਗੀਆਂ ਇਸਤਰੀ ਕਰਮਚਾਰੀ ਇਨ੍ਹਾਂ ਸੱਭ ਅਧਿਕਾਰਾਂ ਦਾ ਲਾਭ ਉਠਾ ਸਕਦੀਆਂ ਹਨ। ਲੇਕਿਨ ਸਾਡੇ ਦੇਸ਼ ਵਿੱਚ, ਕੁੱਝ ਮਾਮਲਿਆਂ ਵਿੱਚ ਤਾਂ ਜਦ ਕੋਈ ਇਸਤਰੀ ਕਰਮਚਾਰੀ ਪ੍ਰਸੂਤ ਦੇ ਲਈ ਛੁੱਟੀ 'ਤੇ ਜਾਂਦੀ ਹੈ, ਤਾਂ ਪਰਫੋਰਮੈਂਸ ਮੁਲੰਕਣ ਦੇ ਦੁਰਾਨ ਉਹਨੂੰ "ਨਾਨ-ਪਰਫਾਰਮਰ" ਕਰਾਰ ਦਿੱਤਾ ਜਾਂਦਾ ਹੈ ਅਤੇ ਉਸਨੂੰ ਤੰਗ ਵੀ ਕੀਤਾ ਜਾਂਦਾ ਹੈ। ਟੀ.ਸੀ.ਐਸ. ਵਰਗੀਆਂ ਕੰਪਨੀਆਂ ਇਸਤਰੀ ਕਰਮਚਾਰੀਆਂ ਦਾ ਉਤਪੀੜਨ ਕਰਦੀਆਂ ਹਨ, ਉਨ੍ਹਾਂ ਨੂੰ "ਸਵੈ-ਇੱਛਾਪੂਰਬਕ" ਨੌਕਰੀ ਛੱਡਣ ਨੂੰ ਮਜਬੂਰ ਕਰਦੀਆਂ ਹਨ। ਅਤੇ ਅਗਰ ਇਸਤਰੀ ਕਰਮਚਾਰੀ ਕੰਮ ਜਾਰੀ ਰੱਖਣ ਦੀ ਜ਼ਿੱਦ ਕਰਦੀ ਹੈ, ਤਾਂ ਉਹਨੂੰ ਅਸਤੀਫਾ ਦੇਣ ਲਈ ਮਜਬੂਰ ਕਰਨ ਜਾਂ ਨੌਕਰੀ ਤੋਂ ਕੱਢ ਦੇਣ ਤੋਂ ਵੀ ਹਿਚਕਚਾਉਂਦੀਆਂ ਨਹੀਂ ਹਨ।

ਆਈ.ਟੀ. ਕਰਮਚਾਰੀਆਂ ਨੇ, ਮੁਨਾਫੇ ਉੱਤੇ ਅਧਾਰਤ "ਮੁਲੰਕਣ ਪ੍ਰਣਾਲੀ" ਬਾਰੇ ਵੀ ਸਵਾਲ ਉਠਾਏ, ਜੋ ਕਿ ਮੈਨੇਜਮੈਂਟ ਦੀ ਮਨਮਰਜ਼ੀ ਦੇ ਅਧਾਰ 'ਤੇ ਚੱਲਦੀ ਹੈ ਅਤੇ ਕੰਪਨੀ ਦੇ ਮੁਨਾਫਿਆਂ ਦਾ ਲਕਸ਼ ਹਾਸਲ ਕਰਨ ਲਈ ਸੱਭ ਤੋਂ ਵਧੀਆ ਪ੍ਰਫਾਰਮ ਕਰਨ ਵਾਲੇ ਨੂੰ ਵੀ ਬੁਰਾ (ਨਾਨ-ਪ੍ਰਫਾਰਮਰ) ਕਰਾਰ ਦਿੱਤਾ ਜਾਂਦਾ ਹੈ। ਇਹ ਇੱਕ ਬੇਹੱਦ ਗੈਰ-ਵਿਗਿਆਨਕ ਮੁਲੰਕਣ ਪ੍ਰਣਾਲੀ ਹੈ, ਜੋ ਬਨਾਉਟੀ ਤਰੀਕੇ ਨਾਲ ਤਥਾਕਥਿਤ "ਬੇਲ ਕਵਰ" ਦਾ ਸਿਧਾਂਤ ਥੋਪਦੀ ਹੈ, ਅਤੇ ਕਰਮਚਾਰੀ ਦੇ ਕੰਮ ਅਤੇ ਪਰਫਾਰਮੈਂਸ ਨੂੰ ਘੱਟ ਕਰਕੇ ਦੇਖਦੀ ਹੈ। ਇਸ ਤਰ੍ਹਾਂ ਦੇ ਪਛੜੇ ਹੋਏ ਤਰੀਕਿਆਂ ਅਤੇ ਹਮਲਿਆਂ ਦੇ ਜਰੀਏ ਕੰਪਨੀਆਂ ਜਾਣ-ਬੁੱਝਕੇ ਟੀਮ ਅੰਦਰ ਗੈਰ-ਸਿਹਤਮੰਦ ਅਤੇ ਗਲ-ਵੱਢ ਮੁਕਾਬਲੇ ਨੂੰ ਉਤਸ਼ਾਹਤ ਕਰਦੀਆਂ ਹਨ, ਤਾਂ ਕਿ ਕਰਮਚਾਰੀ ਰੋਜ਼ਾਨਾਂ 12-14 ਘੰਟੇ ਕੰਮ ਕਰਨ ਨੂੰ ਮਜਬੂਰ ਹੋ ਜਾਵੇ।

ਕਾਰਜਕਰਤਾਵਾਂ ਨੇ ਦੱਸਿਆ ਕਿ ਐਨ.ਏ.ਐਸ.ਐਸ.ਸੀ.ਓ.ਐਮ. (ਨੈਸਕਾਮ) ਡਾਟਾਬੇਸ ਦੇ ਜ਼ਰੀਏ ਉਨ੍ਹਾਂ ਦਾ ਪਿੱਛਾ ਕੀਤਾ ਜਾਂਦਾ ਹੈ ਅਤੇ ਜੋ ਕਰਮਚਾਰੀ ਆਪਣੇ ਕਨੂੰਨੀ ਹੱਕਾਂ ਲਈ ਅਵਾਜ਼ ਉਠਾਉਂਦਾ ਹੈ, ਉਹਨੂੰ ਧਮਕਾਉਣ ਅਤੇ ਬਲੈਕ ਲਿਸਟ ਕਰਨ ਲਈ ਇਹਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਗੈਰ-ਕਨੂੰਨੀ ਹਥਿਆਰ ਦੀ ਵਰਤੋਂ ਕਰਕੇ ਕਰਮਚਾਰੀ ਉੱਤੇ ਦਬਾ ਪਾਇਆ ਜਾਂਦਾ ਹੈ ਕਿ ਉਹ ਬਿਨਾਂ ਕਿਸੇ ਪ੍ਰਤੀਰੋਧ ਤੋਂ ਕੰਪਨੀ ਛੱਡਕੇ ਚਲਿਆ ਜਾਵੇ, ਨਹੀਂ ਤਾਂ ਉਹਨੂੰ ਨੈਸਕਾਮ ਡਾਟਾਬੇਸ 'ਚ ਬਲੈਕ ਲਿਸਟ ਕੀਤਾ ਜਾਂਦਾ ਹੈ, ਜਿਸਦਾ ਗਲਤ ਅਸਰ ਉਹਦੇ 'ਤੇ ਹਰ ਜਗ੍ਹਾ ਪਵੇਗਾ, ਉਹ ਚਾਹੇ ਕਿਸੇ ਵੀ ਕੰਪਨੀ ਵਿੱਚ ਚਲਿਆ ਜਾਵੇ।

ਫਾਈਟ ਦੀਆਂ ਕੋਸ਼ਿਸ਼ਾਂ ਦੀ ਵਜ੍ਹਾ ਕਰਕੇ ਕੁੱਝ ਸਕਾਰਾਤਮਕ ਨਤੀਜੇ ਵੀ ਦੇਖਣ ਨੂੰ ਮਿਲ ਰਹੇ ਹਨ। ਟੀ.ਸੀ.ਐਸ. ਨੂੰ ਇਸ ਮਸਲੇ ਬਾਰੇ ਆਪਣੀ ਚੁੱਪ ਤੋੜਨੀ ਪਈ ਅਤੇ ਇਹ ਕਹਿਣਾ ਪਿਆ ਕਿ ਉਹ ਏਨੇ ਵੱਡੇ ਪੈਮਾਨੇ 'ਤੇ ਛਾਂਟੀ ਨਹੀਂ ਕਰਨ ਜਾ ਰਹੀ, ਬਲਕਿ ਸਿਰਫ 3000 ਕਰਮਚਾਰੀਆਂ ਨੂੰ ਹੀ ਕੱਢਿਆ ਜਾ ਰਿਹਾ ਹੈ, ਅਤੇ ਇਹ ਇੱਕ "ਆਮ ਪ੍ਰਕ੍ਰਿਆ" ਦਾ ਹਿੱਸਾ ਹੈ। ਇਸਤੋਂ ਇਲਾਵਾ ਉਨ੍ਹਾਂ ਨੂੰ ਇੱਕ ਮਹਿਲਾ ਕਰਮਚਾਰੀ ਦੀ ਛਾਂਟੀ ਰੋਕਣੀ ਪਈ, ਜਦ ਫਾਈਟ ਨੇ ਇਸ ਮਾਮਲੇ ਬਾਰੇ ਮਦਰਾਸ ਹਾਈ ਕੋਰਟ ਵਿੱਚ ਇਹਨੂੰ ਚੁਣੌਤੀ ਦਿੱਤੀ। ਇਹ ਸਾਫ ਨਜ਼ਰ ਆਉਂਦਾ ਹੈ ਕਿ ਟੀ.ਸੀ.ਐਸ. ਇਸ ਗੱਲ ਤੋਂ ਡਰ ਗਈ ਕਿ ਕਿਤੇ ਮਹਿਲਾ ਉੱਤੇ ਇਸ ਤਰ੍ਹਾਂ ਦੇ ਹਮਲੇ ਨਾਲ ਦੇਸ਼-ਭਰ ਵਿੱਚ ਮਹਿਲਾ ਅਧਿਕਾਰਾਂ ਦਾ ਸੰਘਰਸ਼ ਜ਼ੋਰ ਨਾ ਪਕੜ ਲਏ।

ਸਾਰੇ ਬੁਲਾਰਿਆਂ ਨੇ, ਸਰਕਾਰ ਦੀ ਭੂਮਿਕਾ ਬਾਰੇ ਵੀ ਸਵਾਲ ਉਠਾਏ। ਕੀ ਸਰਕਾਰ ਦਾ ਇਹੀ ਕੰਮ ਹੈ ਕਿ ਇਨ੍ਹਾਂ ਵੱਡੀਆਂ ਕੰਪਨੀਆਂ ਨੂੰ ਅੰਨ੍ਹੇ ਮੁਨਾਫੇ ਕਮਾਉਣ ਦੀ ਇਜਾਜ਼ਤ ਦੇਵੇ, ਅਤੇ ਹਰ ਤਰ੍ਹਾਂ ਦੇ ਕਰਾਂ ਵਿੱਚ ਛੋਟਾਂ ਅਤੇ ਸਬਸਿਡੀ ਦੇਕੇ ਉਨ੍ਹਾਂ ਦੀ ਮੱਦਦ ਕਰੇ, ਤਾਂ ਜੋ ਉਹ ਮਿਹਨਤਕਸ਼ ਲੋਕਾਂ ਦੀ ਰੱਜ ਕੇ ਲੁੱਟ ਕਰ ਸਕਣ, ਲੇਕਿਨ ਸਰਕਾਰ ਰੋਜ਼ਗਾਰ ਦੀ ਸੁਰੱਖਿਆ ਦੀ ਗਰੰਟੀ ਵੀ ਨਾ ਦੇਵੇ? ਇਹ ਸੱਭ ਕੁੱਝ ਦੇਸ਼ ਅੰਦਰ ਰੋਜ਼ਗਾਰ ਵਧਾਉਣ ਅਤੇ ਵਿਕਾਸ ਦੇ ਨਾਂ 'ਤੇ ਕੀਤਾ ਜਾ ਰਿਹਾ ਹੈ। ਅਸੀਂ ਇਸ ਗੱਲ ਨੂੰ ਸਵੀਕਾਰ ਨਹੀਂ ਕਰ ਸਕਦੇ ਕਿ ਸਰਕਾਰ ਵੱਡੀਆਂ ਕੰਪਨੀਆਂ ਦੀ ਰੱਖਿਅਕ ਦੇ ਤੌਰ 'ਤੇ ਕੰਮ ਕਰੇ ਅਤੇ ਉਨ੍ਹਾਂ ਲਈ ਮਿਹਨਤਕਸ਼ ਲੋਕਾਂ ਦੀ ਲੁੱਟ ਕਰਨਾ ਸੌਖਾ ਬਣਾਵੇ। ਸਰਕਾਰ ਦਾ ਇਹ ਫ਼ਰਜ਼ ਹੈ ਕਿ ਉਹ ਲੋਕਾਂ ਦੀ ਰੱਖਿਆ ਕਰੇ ਅਤੇ ਉਨ੍ਹਾਂ ਲਈ ਰੋਜ਼ਗਾਰ ਦੀ ਸੁਰੱਖਿਆ ਅਤੇ ਇੱਕ ਖੁਸ਼ਹਾਲ ਜ਼ਿੰਦਗੀ ਯਕੀਨੀ ਬਣਾਵੇ। ਸਾਨੂੰ ਅਜੇਹਾ ਯਕੀਨੀ ਬਣਾਉਣ ਲਈ ਸੰਘਰਸ਼ ਕਰਨਾ ਹੋਵੇਗਾ।

ਮੋਦੀ ਦੀ ਸਰਕਾਰ "ਮੇਕ ਇਨ ਇੰਡੀਆ" ਦਾ ਨਾਅਰਾ ਦੇਕੇ ਇਹ ਦਿਖਾਵਾ ਕਰ ਰਹੀ ਹੈ ਕਿ ਇਸ ਤਰ੍ਹਾਂ ਨੌਜਵਾਨਾਂ ਨੂੰ ਬਹੁਤ ਸਾਰੀਆਂ ਨੌਕਰੀਆਂ ਮਿਲਣਗੀਆਂ, ਜਦਕਿ ਅਸਲੀਅਤ ਤਾਂ ਇਹ ਹੈ ਕਿ ਅੱਜ ਜਿਨ੍ਹਾਂ ਦੇ ਕੋਲ ਨੌਕਰੀ ਹੈ ਉਨ੍ਹਾਂ ਨੂੰ ਵੀ ਨੌਕਰੀ ਤੋਂ ਕੱਢਿਆ ਜਾ ਰਿਹਾ ਹੈ, ਅਤੇ ਸਰਕਾਰ ਇੱਕ ਗੂੰਗੀ ਦਰਸ਼ਕ ਬਣਕੇ ਦੇਖ ਰਹੀ ਹੈ। ਨੋਕੀਆ, ਫੋਕਸ-ਕੋਣ, ਇਤਿਆਦਿ ਕੁੱਝ ਅਜੇਹੇ ਉਦਾਹਰਣ ਹਨ ਜਿੱਥੇ ਵੱਡੇ ਪੈਮਾਨੇ 'ਤੇ ਛਾਂਟੀ ਕੀਤੀ ਗਈ, ਕੰਪਨੀਆਂ ਬੰਦ ਕਰ ਦਿੱਤੀਆਂ ਗਈਆਂ ਅਤੇ ਦਹਿ-ਹਜ਼ਾਰਾਂ ਕਰਮਚਾਰੀਆਂ ਨੂੰ ਸੜਕ 'ਤੇ ਧੱਕ ਦਿੱਤਾ ਗਿਆ ਅਤੇ ਉਨ੍ਹਾਂ ਦੇ ਭਵਿੱਖ ਬਾਰੇ ਕੋਈ ਚਿੰਤਾ ਨਹੀਂ ਕੀਤੀ ਗਈ। ਟੀ.ਸੀ.ਐਸ. ਅਤੇ ਹੋਰ ਵੱਡੀਆਂ ਸਾਫਟਵੇਅਰ ਕੰਪਨੀਆਂ ਆਪਣੇ ਅਨੁਭਵੀ ਕਰਮਚਾਰੀਆਂ ਦੀ ਨਿਯਮਤ ਤੌਰ 'ਤੇ ਛਾਂਟੀ ਕਰਦੀਆਂ ਹਨ ਤਾਂ ਕਿ ਆਪਣੇ ਮੁਨਾਫੇ ਵਧਾ ਸਕਣ।

ਸਾਰੇ ਬੁਲਾਰਿਆਂ ਨੇ, ਟੀ.ਸੀ.ਐਸ. ਅਤੇ ਹੋਰ ਕੰਪਨੀਆਂ ਵਲੋਂ ਕੀਤੀ ਜਾ ਰਹੀ ਛਾਂਟੀ ਰੁਕਵਾਉਣ ਲਈ ਅਤੇ ਆਈ.ਟੀ. ਕਰਮਚਾਰੀਆਂ ਨੂੰ ਮਜ਼ਦੂਰ ਬਤੌਰ ਅਧਿਕਾਰਾਂ ਦੀ ਮਾਨਤਾ ਦੁਆਉਣ ਲਈ ਅਤੇ ਉਨ੍ਹਾਂ ਦੇ ਮਾਨਵ ਅਧਿਕਾਰ ਯਕੀਨੀ ਬਣਾਉਣ ਲਈ, ਆਪਣਾ ਸੰਘਰਸ਼ ਜਾਰੀ ਰੱਖਣ ਦਾ ਅਹਿਦ ਕੀਤਾ। ਕਾਮਰੇਡ ਸੇਂਥਿਲ ਨੇ ਕਿਹਾ ਕਿ ਵੱਡੀਆਂ-ਵੱਡੀਆਂ ਨਿੱਜੀ ਕੰਪਨੀਆਂ ਅਤੇ ਸਰਕਾਰ ਦੀ ਮਿਲੀਭੁਗਤ ਨੂੰ ਚੁਣੌਤੀ ਦੇਣ ਲਈ, ਸੱਭ ਤੋਂ ਜਰੂਰੀ ਚੀਜ਼ ਸਾਡੀ ਏਕਤਾ ਹੈ। ■

## ਟੀ.ਸੀ.ਐਸ. ਵਿਚ ਛਾਂਟੀ : ਤੱਥ ਲੱਭਣ ਵਾਲੀ ਕਮੇਟੀ ਦੀ ਰਿਪੋਰਟ

ਫਾਈਟ ਦੀ ਪਹਿਲਕਦਮੀ ਨਾਲ ਇੱਕ ਅਸਲੀਅਤ ਲੱਭ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿਚ ਇੱਕ ਸੀਨੀਅਰ ਪੱਤਰਕਾਰ, ਵਿਦਿਅਕ ਮਾਹਰ, ਕਨੂੰਨ ਦਾ ਮਾਹਰ ਅਤੇ ਕਿਰਤ ਅਧਿਕਾਰਾਂ ਦੇ ਕਾਰਕੁੰਨ ਸ਼ਾਮਲ ਸਨ। ਇਸ ਕਮੇਟੀ ਦੇ ਮੈਂਬਰਾਂ ਵਿਚ, ਬੀ.ਆਰ.ਪੀ. ਭਾਸਕਰ, ਐਡਵੋਕੇਟ ਬੌਬੀ, ਕਨੂੰਨ ਦੇ ਮਾਹਰ, ਅਤੇ ਚੇਨੱਈ ਤੋਂ ਚੰਦਰਿਕਾ ਰਾਧਾਕ੍ਰਿਸ਼ਨਨ, ਸੌਫਟਵੇਅਰ ਪ੍ਰੋਫੈਸ਼ਨਲ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁੰਨ, ਸ਼ਾਮਲ ਸਨ।

ਇਸ ਅਸਲੀਅਤ ਲੱਭ ਕਮੇਟੀ ਨੇ ਨੌਕਰੀਆਂ ਤੋਂ ਕੱਢੇ ਗਏ ਕਈ ਆਈ.ਟੀ. ਕਰਮਚਾਰੀਆਂ ਦੀ ਆਪ ਬੀਤੀ ਰਿਕਾਰਡ ਕੀਤੀ। ਇਸ ਤੋਂ ਬਿਨ੍ਹਾਂ ਇੱਕ ਵੱਡੀ ਗਿਣਤੀ ਵਿਚ ਕਰਮਚਾਰੀਆਂ ਦਾ ਸਰਵੇਖਣ ਕੀਤਾ ਗਿਆ। ਉਨ੍ਹਾਂ ਨੇ ਆਈ.ਟੀ. ਖੇਤਰ ਨਾਲ ਸਬੰਧਤ ਕਈ ਹੰਢੇ ਹੋਏ ਆਈ.ਟੀ. ਕਰਮਚਾਰੀਆਂ ਕੋਲੋਂ ਵੀ ਸਬੂਤ ਅਤੇ ਜਾਣਕਾਰੀ ਇਕੱਠੀ ਕੀਤੀ, ਜਿਨ੍ਹਾਂ ਨੂੰ ਟੀ.ਸੀ.ਐਸ. ਦੇ ਮਾਨਵ ਸਾਧਨਾਂ ਦੇ ਵਿਭਾਗ ਦੀ ਡੂੰਘੀ ਸਮਝ ਸੀ। ਇਹ ਕਮੇਟੀ ਇਨ੍ਹਾਂ ਆਪ ਬੀਤੀਆਂ, ਜਾਣਕਾਰੀ, ਸਬੂਤਾਂ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਹੇਠ ਲਿਖੇ ਨਤੀਜਿਆਂ ਤੇ ਪਹੁੰਚੀ:

- ਦਮਿਆਨੇ ਦਰਜੇ ਦੇ ਆਈ.ਟੀ. ਕਰਮਚਾਰੀਆਂ ਨੂੰ ਘਟਾਉਣ ਦੀ ਇਹ ਧਿਆਨ ਪੂਰਬਕ ਬਣਾਈ ਗਈ ਅਤੇ ਲਾਗੂ ਕੀਤੀ ਜਾਂਦੀ ਰਣਨੀਤੀ ਹੈ।
- ਛਾਂਟੀ ਨੂੰ ਜਾਇਜ਼ ਠਹਿਰਾਉਣ ਲਈ ਵਰਤੀ ਜਾਂਦੀ "ਰਿਪੋਰਟ ਪ੍ਰਣਾਲੀ" ਉਹ ਸਾਫ ਤੌਰ ਤੇ ਗੈਰ-ਵਿਗਿਆਨਕ ਹੈ ਅਤੇ ਮਨਮਰਜ਼ੀ ਉਤੇ ਅਧਾਰਤ ਹੈ। ਇਹਨੂੰ ਸੁਧਾਰਨਾ ਚਾਹੀਦਾ ਹੈ। ਕਿਸੇ ਵੀ ਰਿਪੋਰਟ ਵਿਚ ਕਰਮਚਾਰੀ ਨੂੰ ਬੇਇਨਸਾਫੀ ਦੇ ਖਿਲਾਫ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।
- ਕੰਮ ਬਾਰੇ ਰਿਪੋਰਟ ਦਾ ਤਰੀਕਾ ਪ੍ਰਸੂਤ ਦੀ ਛੁੱਟੀ ਲੈਣ ਵਾਲੀਆਂ ਜਾਂ ਰਾਤ ਨੂੰ ਦੇਰ ਤਕ ਕੰਮ ਨਾ ਕਰ ਸਕਣ ਵਾਲੀਆਂ ਔਰਤਾਂ ਪ੍ਰਤੀ ਵਿਤਕਰਾ-ਭਰਪੂਰ ਹੈ, ਇਸ ਨੂੰ ਸੌਫਟਵੇਅਰ ਉਦਯੋਗ ਵਿਚ ਸਧਾਰਨ ਮੰਨਿਆਂ ਜਾਣ ਲੱਗ ਪਿਆ ਹੈ।
- ਕੰਮ ਬਾਰੇ ਰਿਪੋਰਟ ਦੇ ਅਧਾਰ ਉਤੇ ਛਾਂਟੀ ਕਰਨਾ ਅਤੇ ਸ਼ਿਕਾਇਤ ਦੂਰ ਕਰਨ ਦੀ ਕੋਈ ਪ੍ਰਣਾਲੀ ਨਾ ਹੋਣਾ, ਸੰਵਿਧਾਨ ਦੇ ਮੁੱਖਬੰਦ ਵਿਚ ਦਰਜ ਇਨਸਾਫ ਦੇ ਬੁਨਿਆਦੀ ਸਿਧਾਂਤ ਦੇ ਖਿਲਾਫ ਹੈ।
- ਨੈਸਕਾਮ ਸਿਕਲ ਰਜਿਸਟਰੀ ਬਾਰੇ ਕਰਮਚਾਰੀਆਂ ਦੇ ਡਰ ਅਤੇ ਚਿੰਤਾ ਨੂੰ ਧਿਆਨ ਵਿਚ ਰੱਖਦਿਆਂ, ਇਹਦੇ ਬਾਰੇ ਆਈ.ਟੀ. ਕਰਮਚਾਰੀਆਂ ਦੇ ਨਿੱਜੀ ਮਾਮਲਿਆਂ ਵਿਚ ਦਖਲ ਦਿੱਤੇ ਜਾਣ ਬਾਰੇ ਰਾਜ ਨੂੰ ਜਾਂਚ ਪੜਤਾਲ ਕਰਨੀ ਚਾਹੀਦੀ ਹੈ।
- ਰਾਜ, ਜਿਸਦੀ ਕਿ ਰੁਜ਼ਗਾਰ ਅਤੇ ਮਜ਼ਦੂਰਾਂ ਦੇ ਕਲਿਆਣ ਪ੍ਰਤੀ ਜ਼ਿੰਮੇਵਾਰੀ ਹੈ, ਇਕ ਮੂਕ ਦਰਸ਼ਕ ਬਣ ਕੇ ਨਹੀਂ ਰਹਿ ਸਕਦਾ, ਜਦ ਕਿ ਉਸ ਦੇ ਸਾਹਮਣੇ ਇੱਕ ਮੁੱਖ ਉਦਯੋਗ ਵਿਚ ਇੱਕ ਵੱਡੇ ਪੈਮਾਨ ਉਤੇ ਛਾਂਟੀ ਹੋ ਰਹੀ ਹੈ। ਅਸੀਂ ਸੱਭ ਸੂਬਾ ਸਰਕਾਰਾਂ ਨੂੰ ਬੁਲਾਵਾ ਦਿੰਦੇ ਹਾਂ ਕਿ ਉਹ ਟੀ.ਸੀ.ਐਸ. ਦੇ ਕਰਮਚਾਰੀਆਂ ਦੇ ਹਿੱਤਾਂ ਦੀ ਰਖਵਾਲੀ ਵਾਸਤੇ ਤੁਰੰਤ ਦਖਲ ਦੇਣ।
- ਅਸੀਂ ਇਹ ਮੰਗ ਕਰਦੇ ਹਾਂ ਕਿ ਰਾਜ ਟੀ.ਸੀ.ਐਸ. ਵਲੋਂ ਛਾਂਟੀ ਕੀਤੇ ਜਾਣ ਅਤੇ ਆਈ.ਟੀ. ਉਦਯੋਗ ਵਲੋਂ ਕਿਰਤ ਦੇ ਕਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਅਤੇ ਨੌਕਰੀਆਂ ਤੋਂ ਕੱਢਣ ਦੀ ਲਚਕਦਾਰ ਨੀਤੀ ਉਤੇ ਇੱਕ ਨਿਆਂਇਕ ਜਾਂਚ ਕਰਵਾਏ।
- ਸਾਡਾ ਸੁਝਾਅ ਹੈ ਕਿ ਆਈ.ਟੀ., ਟੀ.ਈ.ਐਸ.,ਅਤੇ ਬੀ.ਪੀ.ਓ ਕਾਲ-ਸੈਂਟਰਾਂ ਵਰਗੇ ਗਿਆਨ ਅਧਾਰਤ ਉਦਯੋਗ ਵਾਸਤੇ ਇੱਕ ਸਥਾਈ ਤਿੰਨ ਧਿਰੀ ਕਮੇਟੀ ਦਾ ਗਠਨ ਕੀਤੀ ਜਾਵੇ, ਜੋ ਆਈ.ਟੀ. ਉਦਯੋਗ ਨੂੰ ਕਿਰਤ ਕਨੂੰਨਾਂ ਵਿਚ ਦਿੱਤੀ ਜਾਣ ਵਾਲੀ ਛੋਟ ਦੀ ਛਾਣਬੀਣ ਕਰੇ ਤਾਂ ਕਿ ਆਈ.ਟੀ. ਕਰਮਚਾਰੀਆਂ ਦੇ ਜਾਇਜ਼ ਹੱਕਾਂ ਦੀ ਹਿਫਾਜ਼ਤ ਕੀਤੀ ਜਾ ਸਕੇ।


Internet Edition

Mazdoor Ekta Lehar (Hindi Fortnightly)

Mazdoor Ekta Lehar (English Fortnightly)

Mazdoor Ekta Lehar (Punjabi Monthly),

Thozhilalar Ottrumai Kural (Tamil Monthly)

http://www.cgpi.org,

email : melpaper@yahoo.com,

ph. 09868721375



ਬਾਕਾਇਦਾ ਪਾਠਕ ਬਣੋ

ਮਜ਼ਦੂਰ ਏਕਤਾ ਲਹਿਰ



(ਮਜ਼ਦੂਰ ਜਮਾਤ ਦਾ ਰਾਜ ਸਥਾਪਤ ਕਰਨ ਪ੍ਰਤੀ ਸਮਰਪਤ)

ਆਪਣੀ ਅਵਾਜ਼ ਬੁਲੰਦ ਕਰੋ!

ਮਜ਼ਦੂਰ ਏਕਤਾ ਲਹਿਰ ਸੱਦਾ ਦਿੰਦੀ ਹੈ ਕਿ ਆਪਣੇ ਕੰਮ ਦੇ ਇਲਾਕੇ ਵਿੱਚ ਅਤੇ ਆਸ-ਪਾਸ ਦੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਅਤੇ ਸੰਘਰਸ਼ਾਂ ਬਾਰੇ ਸਾਨੂੰ ਸੂਚਨਾ ਦਿਓ!

ਸੰਪਰਕ ਕਰੋ : ਸੰਪਾਦਕ, ਮੋਬਾਇਲ ਨੰ: -- 09868721375

ਮਜਦੂਰ ਏਕਤਾ ਲਹਿਰ

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

RNI No. DELPUN/2009/29968,
Postal Regd.No. DL (S)-01/3370/2013-15,
Posting at NDPSO 11&12, April 2015, Publishing Date – April 9, 2015

To ..........................................................
..........................................................
..........................................................
..........................................................
..........................................................

Mazdoor Ekta Lehar, Printed and Published by Madhusudhan Kasturi on behalf of Lok Awaz Publishers and Distributors., Printed at: Maa Printers, B-24/2, Okhla Industrial Area, Phase-2, New Delhi - 20, Published at: E-392, Sanjay Colony, Okhla Ph.-II, New Delhi - 110020, Editor: Chanderbhan, 9868721375, email : melpaper@yahoo.com, mazdoorektalehar@gmail.com



# ਰੇਲ ਚਾਲਕਾਂ ਦਾ ਸੰਸਦ ਮੂਹਰੇ ਧਰਨਾ

26 ਮਾਰਚ 2015 ਨੂੰ ਸੰਸਦ ’ਤੇ ਆਲ ਇੰਡੀਆ ਲੋਕੋ ਰਨਿੰਗ ਸਟਾਫ ਐਸੋਸੀਏਸ਼ਨ (ਏ.ਆਈ.ਐਲ.ਆਰ. ਐਸ.ਏ.) ਦੇ ਰੇਲ ਚਾਲਕਾਂ ਨੇ ਰੇਲਵੇ ਵਿਚ ਸੁਰੱਖਿਆ ਵਧਾਉਣ ਲਈ ਅਲੱਗ-ਅਲੱਗ ਕਮੇਟੀਆਂ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਧਰਨਾ ਦਿੱਤਾ। ਧਰਨੇ ਵਿਚ ਮੁਰਾਦਾਬਾਦ, ਦਿੱਲੀ, ਲਖਨਊ, ਅੰਬਾਲਾ, ਪਠਾਨਕੋਟ, ਅੰਮ੍ਰਿਤਸਰ, ਜਲੰਧਰ, ਫੈਜ਼ਾਬਾਦ, ਬਰੇਲੀ, ਦੇਹਰਾਦੂਨ ਆਦਿ ਮੰਡਲਾਂ ਤੋਂ ਆਏ ਚਾਲਕਾਂ ਨੇ ਹਿੱਸਾ ਲਿਆ।

ਸਭਾ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਸ਼ਾਮਿਲ ਸਨ: ਏ.ਆਈ. ਐਲ.ਆਰ.ਐਸ.ਏ. ਦੀ ਕੇਂਦਰੀ ਕਮੇਟੀ ਦੇ ਪ੍ਰਧਾਨ ਕਾਮਰੇਡ ਰਾਮਸਲਰਨ, ਨਾਰਦਨ ਜ਼ੋਨ ਤੋਂ ਕਾਮਰੇਡ ਪੀ.ਸੀ. ਝਾ, ਦਿੱਲੀ ਮੰਡਲ ਤੋਂ ਪਦਮ ਸਿੰਘ, ਜੁਆਇੰਟ ਸੈਕਟਰੀ ਮਿਲਾਪ ਚੰਦ, ਜ਼ੋਨਲ ਸਕੱਤਰ ਏਸ.ਐਸ. ਹਾਂਡਾ, ਆਦਿ।

ਸਭਾ ਨੂੰ ਸੰਬੋਧਨ ਕਰਦੇ ਹੋਏ ਪਦ ਅਧਿਕਾਰੀਆਂ ਨੇ ਸੰਗਠਨ ਨੂੰ ਮਜ਼ਬੂਤ ਬਣਾਉਣ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅੱਜ ਵੀ ਅੰਗਰੇਜ਼ਾਂ ਦੀ ਤਰ੍ਹਾਂ ਮਜ਼ਦੂਰਾਂ ਨੂੰ ਵੰਡ ਕੇ ਰਾਜ ਚਲਾਇਆ ਜਾਂਦਾ ਹੈ, ਬਰਤਾਨਵੀ ਈਸਟ ਇੰਡੀਆ ਕੰਪਨੀ ਸਾਡੇ ਦੇਸ਼ ਵਿਚ ਵਪਾਰ ਕਰਨ ਲਈ ਆਈ ਸੀ, ਪਰ ਉਸ ਨੇ ਹਿੰਦੁਸਤਾਨ ਨੂੰ ਗੁਲਾਮ ਬਣਾ ਲਿਆ। ਇਹ ਗੁਲਾਮੀ ਦੀ ਪ੍ਰਥਾ ਅੱਜ ਵੀ ਚੱਲ ਰਹੀ ਹੈ।

ਬੁਲਾਰਿਆਂ ਨੇ ਆਪਣੀ ਗੱਲ ਵਿਚ ਦੱਸਿਆ ਕਿ ਸਰਕਾਰ ਕਹਿੰਦੀ ਹੈ ਕਿ ਸਾਡੇ ਦੇਸ਼ ਵਿਚ ਜੋ 36 ਰੁਪਏ ਰੋਜ਼ ਕਮਾਉਂਦਾ ਹੈ ਉਹ ਅਮੀਰ ਹੈ। ਜਦਕਿ ਦੇਸ਼ ਵਿਚ ਸਿਖਿਆ ਅਤੇ ਸਿਹਤ ਸਹੂਲਤਾਂ ਸੱਭ ਲੋਕਾਂ ਤੱਕ ਨਹੀਂ ਪੁੱਜਦੀਆਂ। ਆਪਣੀ ਗੱਲ ਨੂੰ ਵਧਾਉਂਦੇ ਹੋਏ ਉਨ੍ਹਾਂ ਨੇ ਦੱਸਿਆ ਕਿ ਅੱਜ ਰੇਲਵੇ ਵਿਚ ਸਿਰਫ਼ 11 ਲੱਖ ਮਜ਼ਦੂਰ ਬਚੇ ਹਨ, ਜਦਕਿ ਪਹਿਲਾਂ ਇਸ ਵਿਚ 17 ਲੱਖ ਮਜ਼ਦੂਰ ਹੁੰਦੇ ਸਨ। ਇੱਕ ਪਾਸੇ ਤਾਂ ਰੇਲਵੇ ਵਿਚ ਲੱਖਾਂ ਅਸਾਮੀਆਂ ਖਾਲ੍ਹੀ ਪਈਆਂ ਹਨ ਜਿਨ੍ਹਾਂ ਨੂੰ ਭਰਿਆ ਨਹੀਂ ਜਾ ਰਿਹਾ, ਦੂਜੇ ਪਾਸੇ ਦੇਸ਼ ਵਿਚ ਬੇਰੁਜ਼ਗਾਰੀ ਵਧਦੀ ਜਾ ਰਹੀ ਹੈ। ਸਰਕਾਰ ਨੇ ਰੇਲਵੇ ਨੂੰ ਵੇਚਣ ਦੀ ਪੂਰੀ ਯੋਜਨਾ ਬਣਾ ਲਈ ਹੈ। ਬੁਲਾਰਿਆਂ ਨੇ ਸਾਰਿਆਂ ਨੂੰ ਰੇਲਵੇ ਨੂੰ ਬਚਾਉਣ ਦਾ ਸੱਦਾ ਦਿੱਤਾ।

ਬੁਲਾਰਿਆਂ ਨੇ ਕਾਨੂੰਨਾਂ ਵਿਚ ਹੋ ਰਹੇ ਬਦਲਾਵਾਂ ਦੀ ਨਿੰਦਿਆ ਕਰਦੇ ਹੋਏ ਕਿਹਾ ਕਿ ਪੈਨਸ਼ਨ ਰੈਗੂਲੇਟਰੀ ਬਿੱਲ ਦੇ ਤਹਿਤ ਫੈਮਿਲੀ ਪੈਨਸ਼ਨ ਨੂੰ ਖਤਮ ਕੀਤਾ ਜਾ ਰਿਹਾ ਹੈ ਜੋ ਕਿ ਸਾਡੇ ਹੱਕਾਂ ਦਾ ਘਾਣ ਹੈ। ਇਸੇ ਤਰ੍ਹਾਂ ਸਰਕਾਰ ਕਿਸਾਨਾਂ ਤੋਂ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਖੋਹਣ ਲਈ ਜ਼ਮੀਨ ਅਕਵਾਇਰੀਕਰਣ ਕਾਨੂੰਨ ਵਿਚ ਸੋਧ ਲਿਆ ਰਹੀ ਹੈ, ਹੁਣ ਪੂੰਜੀਪਤੀ ਕਿਸਾਨਾਂ ਦੀ ਜ਼ਮੀਨ ਨੂੰ ਹੋਰ ਅਸਾਨੀ ਨਾਲ ਖੋਹ ਸਕਦੇ ਹਨ। ਕੇਂਦਰ ਸਰਕਾਰ ਨੇ ਕਿਰਤ ਕਾਨੂੰਨਾਂ ਵਿਚ ਵੀ ਭਾਰੀ ਬਦਲਾਅ ਪ੍ਰਸਤਾਵਿਤ ਕੀਤੇ ਗਏ ਹਨ। ਕਈ ਰਾਜਾਂ ਵਿਚ ਤਾਂ ਕਿਰਤ ਕਾਨੂੰਨਾਂ ਨੂੰ ਬਦਲ ਦਿੱਤਾ ਗਿਆ ਹੈ, ਜਿਸ ਵਿਚ ਹੁਣ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਦਾ ਹੱਕ ਵੀ ਨਹੀਂ ਹੋਵੇਗਾ।

ਸਭਾ ਨੂੰ ਸੰਬੋਧਨ ਕਰਦੇ ਹੋਏ ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਕਾਮਰੇਡ ਸੰਤੋਸ਼ ਕੁਮਾਰ ਨੇ ਕਿਹਾ ਕਿ ਅੱਜ ਰੇਲਵੇ ਦਾ ਬੜੀ ਤੇਜ਼ੀ ਨਾਲ ਨਿੱਜੀਕਰਣ ਕਰਨ ਦੇ ਕਦਮ ਪੁੱਟੇ ਜਾ ਰਹੇ ਹਨ। ਹਾਲ ਦੇ ਰੇਲ ਬੱਜਟ ਵਿਚ ਇਹ ਸਾਫ ਪਤਾ ਲੱਗਦਾ ਹੈ। ਸਾਰੀਆਂ ਸੇਵਾਵਾਂ ਨੂੰ ਪਹਿਲਾਂ ਤੋਂ ਹੀ ਠੇਕੇ ’ਤੇ ਦਿੱਤਾ ਜਾ ਚੁੱਕਿਆ ਹੈ, ਅਤੇ ਹੁਣ ਹੋਰ ਸੇਵਾਵਾਂ ਨੂੰ ਵੀ ਨਿੱਜੀ ਹੱਥਾਂ ਵਿਚ ਦੇਣ ਦੀ ਯੋਜਨਾ ਹੈ। ਜੋ ਨਵੀਆਂ ਸੇਵਾਵਾਂ ਜੋੜਨ ਦੀ ਗੱਲ ਕੀਤੀ ਜਾ ਰਹੀ ਹੈ, ਉਹ ਉਨ੍ਹਾਂ ਖੇਤਰਾਂ ਵਿਚ ਹਨ ਜਿੱਥੇ ਪੂੰਜੀਪਤੀਆਂ ਨੂੰ ਜ਼ਿਆਦਾ ਮੁਨਾਫਾ ਹੋਵੇਗਾ, ਨਾ ਕਿ ਉਨ੍ਹਾਂ ਦੂਰ-ਦਰਾਜ ਇਲਾਕਿਆਂ ਵਿਚ ਜਿੱਥੇ ਲੋਕਾਂ ਨੂੰ ਜ਼ਰੂਰਤ ਹੈ।

ਉਨ੍ਹਾਂ ਨੇ ਕਿਹਾ ਕਿ ਰੇਲ ਚਾਲਕ, ਜੋ ਕਈ ਖਤਰਿਆਂ ਨੂੰ ਮੁੱਲ ਲੈ ਕੇ, ਲੱਖਾਂ ਲੋਕਾਂ ਨੂੰ ਇੱਕ ਥਾਂ ਤੋਂ ਦੂਸਰੀ ਥਾਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਚੁੱਕਦੇ ਹਨ, ਉਨ੍ਹਾਂ ਦੇ ਕੰਮ ਦੇ ਭਾਰ ਨੂੰ ਘੱਟ ਕਰਨ ਜਾਂ ਉਨ੍ਹਾਂ ਦੀ ਸਿਹਤ ਦੇ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਹੈ।

ਸਭਾ ਦੀ ਸਮਾਪਤੀ ਕਰਦੇ ਹੋਏ ਕਾਮਰੇਡ ਪਰਮਜੀਤ ਨੇ ਕਿਹਾ ਕਿ ਇਸ ਧਰਨੇ ਵਿਚ ਸਾਰੇ ਮੰਡਲਾਂ ਤੋਂ ਰੇਲ ਚਾਲਕ ਆਏ, ਇਹ ਸਾਡੀ ਏਕਤਾ ਦਾ ਸਬੂਤ ਹੈ। ਉਨ੍ਹਾਂ ਨੇ ਦੱਸਿਆ ਕਿ ਏ.ਆਈ.ਐਲ.ਆਰ.ਐਸ.ਏ. ਦੇ ਇਕ ਪ੍ਰਤੀਨਿਧੀਮੰਡਲ ਨੇ ਇੱਕ ਮੈਮੋਰੰਡਮ ਰੇਲ ਮੰਤਰਾਲੇ ਦੇ ਜੀ.ਐਮ. ਨੂੰ ਦਿੱਤਾ ਹੈ। ਜਿਸ ਵਿਚ ਸਾਡੀਆਂ ਮੰਗਾਂ ਨੂੰ ਰੱਖਿਆ ਗਿਆ ਹੈ।

ਸਭਾ ਦੇ ਸਮਾਪਤੀ ’ਤੇ ਇਹ ਐਲਾਨ ਕੀਤਾ ਗਿਆ ਕਿ 4 ਮਈ ਨੂੰ ਏ.ਆਈ.ਐਲ.ਆਰ.ਐਸ.ਏ. ਦੇ ਨਾਰਦਨ ਜ਼ੋਨ ਵਲੋਂ ਧਰਨਾ ਦਿੱਤਾ ਜਾਵੇਗਾ। ■

## 23 ਮਾਰਚ, ਸ਼ਹੀਦੀ ਦਿਹਾੜਾ...

ਸਫਾ 1 ਦੀ ਬਾਕੀ

ਦੁਨੀਆ ਦੇ ਇਸ “ਸਭ ਤੋਂ ਵੱਡੇ ਲੋਕਤੰਤਰ” ਵਿਚ ਕਥਿਤ ਤੌਰ ’ਤੇ ਜਨਾਦੇਸ਼ ਪ੍ਰਗਟ ਕਰਨ ਲਈ ਸਮੇਂ-ਸਮੇਂ ’ਤੇ ਚੋਣਾਂ ਕਰਵਾਈਆਂ ਜਾਂਦੀਆਂ ਹਨ। ‘ਵੋਟ’ ਪਾਉਣ ਦਾ ਹੱਕ ਆਜ਼ਾਦੀ ਅਤੇ ਲੋਕਤੰਤਰ ਦਾ ਸੱਭ ਤੋਂ ਵੱਡਾ ਪ੍ਰਤੀਕ ਦੱਸਿਆ ਜਾਂਦਾ ਹੈ। ਪਰ ਲੋਕਾਂ ਨੂੰ ਨਾਂ ਤਾਂ ਉਮੀਦਵਾਰਾਂ ਦੀ ਚੋਣ ਕਰਨ ਦਾ ਹੱਕ ਹੁੰਦਾ ਹੈ, ਨਾ ਹੀ ਚੁਣੇ ਗਏ ਪ੍ਰਤੀਨਿਧੀ ਨੂੰ ਜਵਾਬਦੇਹ ਠਹਿਰਾਉਣ ਜਾਂ ਉਸ ਨੂੰ ਵਾਪਿਸ ਬੁਲਾਉਣ ਦਾ। ਨੀਤੀਗਤ ਫੈਸਲੇ ਲੈਣ ਦਾ ਲੋਕਾਂ ਨੂੰ ਕੋਈ ਹੱਕ ਨਹੀਂ ਹੈ, ਨਾ ਹੀ ਕਾਨੂੰਨ ਪ੍ਰਸਤਾਵਿਤ ਕਰਨ ਦਾ। ਚੋਣ ਵਾਅਦਿਆਂ ਨੂੰ ਲਾਗੂ ਕਰਵਾਉਣ ਦਾ ਲੋਕਾਂ ਦੇ ਹੱਥਾਂ ਵਿਚ ਕੋਈ ਤੰਤਰ ਨਹੀਂ ਹੈ। ਇਨ੍ਹਾਂ ਹਾਲਤਾਂ ਵਿਚ ਇਹ ਲੋਕਤੰਤਰ ਇੱਕ ਵੱਡਾ ਧੋਖਾ ਹੈ ਅਤੇ ਇਸ ਵਿਵਸਥਾ ਬਾਰੇ ਨੌਜਵਾਨਾਂ ਨੂੰ ਭੁਲੇਖੇ ਵਿਚ ਰੱਖਣ ਅਤੇ ਇਸ ’ਤੇ ਉਨ੍ਹਾਂ ਦਾ ਭਰੋਸਾ ਬਣਾਈ ਰੱਖਣ ਲਈ ਪੂੰਜੀਪਤੀ ਮੀਡੀਆ ’ਤੇ ਸੰਸਦੀ ਰਾਜਨੀਤਕ ਪਾਰਟੀਆਂ ਅਤੇ ਪੂੰਜੀਪਤੀਆਂ ਦੇ ਤਰ੍ਹਾਂ-ਤਰ੍ਹਾਂ ਦੇ ਵਿਚਾਰਕ ਹਰ ਸਮੇਂ ਪ੍ਰਚਾਰ ਕਰਦੇ ਰਹਿੰਦੇ ਹਨ।

ਸਮਾਜ ਵਿਚ ਅਨਿਆ ਖਿਲਾਫ਼ ਆਵਾਜ਼ ਚੁੱਕਣ ਵਿਚ ਸਾਡੇ ਨੌਜਵਾਨ ਹਮੇਸ਼ਾ ਅੱਗੇ ਰਹੇ ਹਨ। ਲੋਕਾਂ ਦੀ ਖੁਸ਼ਹਾਲੀ ਅਤੇ ਸੁਰੱਖਿਆ ਲਈ ਮਰ-ਮਿਟਣ ਦੀ ਪਰੰਪਰਾ ਸਾਡੇ ਦੇਸ਼ ਦੇ ਨੌਜਵਾਨਾਂ ਵਿਚ ਹਮੇਸ਼ਾ ਤੋਂ ਰਹੀ ਹੈ ਅਤੇ ਅੱਜ ਵੀ ਹੈ। ਅੱਜ ਵੀ ਦੇਸ਼ ਵਿਚ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਨੌਜਵਾਨਾਂ ਦੀ ਕੋਈ ਕਮੀ ਨਹੀਂ ਹੈ। ਇਸ ਲਈ ਸ਼ੋਸ਼ਕ ਪੂੰਜੀਪਤੀ ਵਰਗ ਨੌਜਵਾਨਾਂ ਦੀਆਂ ਕ੍ਰਾਂਤੀਕਾਰੀ ਭਾਵਨਾਵਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਨੂੰ ਇਸੇ ਵਿਵਸਥਾ ਵਿਚ ਫਸਾਈ ਰੱਖਣ ’ਤੇ ਬਹੁਤ ਧਿਆਨ ਦਿੰਦੇ ਹਨ।

ਇਸ ਵਿਵਸਥਾ ਵਿਚ ਨੌਜਵਾਨ ਉਹ ਤਬਕਾ ਹੈ ਜੋ ਪੂੰਜੀਪਤੀਆਂ ਦੇ ਸਸਤੀ ਮਜ਼ਦੂਰੀ ਦਾ ਸ੍ਰੋਤ ਹੈ, ਜਿਸ ਦੇ ਸ਼ੋਸ਼ਣ ਦੇ ਜ਼ੋਰ ’ਤੇ ਪੂੰਜੀਪਤੀ ਆਪਣੇ ਮੁਨਾਫਿਆਂ ਨੂੰ ਹੋਰ ਦਿਨ-ਬ-ਦਿਨ ਵਧਾਉਂਦੇ ਰਹਿੰਦੇ ਹਨ। ਪੂੰਜੀਪਤੀਆਂ ਦੇ ਹਿੱਤਾਂ ਦੀ ਖਾਤਰ ਨੌਜਵਾਨ ਜੰਗ ਵਿਚ ਧੱਕਿਆ ਜਾਂਦਾ ਹੈ ਅਤੇ ਤੋਪ ਦਾ ਚਾਰਾ ਬਣਦਾ ਹੈ, ਤਾਕਿ ਉਨ੍ਹਾਂ ਦੀਆਂ ਲਾਸ਼ਾਂ ’ਤੇ ਸਾਡੇ ਪੂੰਜੀਪਤੀ ਆਪਣੇ ਸਾਮਰਾਜਵਾਦੀ ਇਰਾਦਿਆਂ ਨੂੰ ਹਾਸਿਲ ਕਰ ਸਕਣ। ਨੌਜਵਾਨਾਂ ਨੂੰ ਸਮਾਜ ਦੀਆਂ ਅਸਲੀ ਮੁਸ਼ਕਿਲਾਂ ਤੋਂ ਦੂਰ ਕਰਨ ਲਈ ਅਪਰਾਧੀਕਰਣ, ਨਸ਼ਾਖੋਰੀ ਵਿਚ ਫਸਾਇਆ ਜਾਂਦਾ ਹੈ। ਚਾਹੇ ਚੋਣਾਂ ਵਿਚ ਮਾਰ-ਕੁਟ ਹੋਵੇ ਜਾਂ ਰਾਜ ਵੱਲੋਂ ਅਯੋਜਿਤ ਸੰਪਰਦਾਇਕ ਕਤਲੇਆਮ ਵਿਚ ਖੂਨ-ਖਰਾਬਾ ਕਰਨਾ ਹੋਵੇ, ਨੌਜਵਾਨਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਹੁਣ ਨੌਜਵਾਨ ਸਮਾਜ ਦੇ ਸਾਰੇ ਅਨਿਆ ਦੇ ਵਿਰੋਧ ਵਿਚ ਆਵਾਜ਼ ਚੁੱਕਦੇ ਹਨ, ਤਾਂ ਉਨ੍ਹਾਂ ਨੂੰ ਅੱਤਵਾਦੀ ਕਰਾਰ ਦੇ ਕੇ ਗੋਲੀ ਨਾਲ ਉੜਾ ਦਿੱਤਾ ਜਾਂਦਾ ਹੈ ਜਾਂ ਜੇਲ੍ਹਾਂ ਵਿਚ ਬੰਦ ਕਰ ਕੀ ਤੰਗ ਕੀਤਾ ਜਾਂਦਾ ਹੈ। ਧਰਮ ਅਤੇ ਰਾਸ਼ਟਰੀਅਤਾ ਦੇ ਆਧਾਰ ’ਤੇ ਨੌਜਵਾਨਾਂ ਨੂੰ ਖਾਸ ਅੱਤਿਆਚਾਰ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਨੌਜਵਾਨਾਂ ਨੂੰ ਇੱਕ ਪਾਸੇ ਝੂਠਾ ਸੁਪਨਾ ਦਿਖਾਇਆ ਜਾਂਦਾ ਹੈ ਕਿ ਇਸ ਵਿਵਸਥਾ ਅੰਦਰ ਉਨ੍ਹਾਂ ਦੀ ਤਰੱਕੀ ਹੋ ਸਕਦੀ ਹੈ, ਤਾਂ ਦੂਜੇ ਪਾਸੇ ਉਨ੍ਹਾਂ ਨੂੰ ਬੇਰਹਮ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਜਾਂਦਾ ਹੈ, ਤਾਂਕਿ ਉਹ ਇਸ ਵਿਵਸਥਾ ਨੂੰ ਬਦਲਣ ਲਈ ਸੰਘਰਸ਼ ਵਿਚ ਅੱਗੇ ਨਾ ਆਉਣ।

ਸਾਡੇ ਸ਼ਹੀਦਾਂ ਨੇ ਸਾਫ ਕਿਹਾ ਸੀ ਕਿ ਜਦ ਤੱਕ ਮੁੱਠੀਭਰ ਸ਼ੋਸ਼ਕ ਸਾਡੇ ’ਤੇ ਰਾਜ ਕਰਦੇ ਰਹਿਣਗੇ, ਚਾਹੇ ਵਿਦੇਸ਼ੀ ਹੋਣ ਜਾਂ ਦੇਸੀ, ਤਦ ਤਕ ਇਸ ਜੁਲਮ ਅਤੇ ਅਨਿਆ ਤੋਂ ਸਾਡਾ ਛੁਟਕਾਰਾ ਨਹੀਂ ਹੋ ਸਕਦਾ। ਅੱਜ ਹਿੰਦੁਸਤਾਨ ਦੇ ਹਰ ਨੌਜਵਾਨ ਦੇ ਸਾਹਮਣੇ ਇਹ ਸੱਚਾਈ ਬਹੁਤ ਸਪੱਸ਼ਟ ਹੈ। ਅੱਜ ਹਿੰਦੁਸਤਾਨ ਦੇ ਨੌਜਵਾਨਾਂ ਦੇ ਸਾਹਮਣੇ ਇਹ ਚੁਣੌਤੀ ਹੈ ਕਿ ਇਨ੍ਹਾਂ ਸ਼ੋਸ਼ਕਾਂ ਦੇ ਰਾਜ ਨੂੰ ਕਿਵੇਂ ਖਤਮ ਕੀਤਾ ਜਾਵੇ ਅਤੇ ਪ੍ਰੋਲਤਾਰੀ ਜਮਾਤ, ਜੋ ਸਮਾਜ ਵਿਚ ਬਹੁਗਿਣਤੀ ਵਿਚ ਹੈ, ਦਾ ਰਾਜ ਬਸਾਇਆ ਜਾਵੇ।

ਜੋ ਕ੍ਰਾਂਤੀ ਦਾ ਰਸਤਾ ਸਾਡੇ ਸ਼ਹੀਦਾਂ ਨੇ ਦਿਖਾਇਆ ਸੀ, ਉਹੀ ਰਸਤਾ ਅੱਜ ਸਮਾਜ ਦੀ ਭਲਾਈ ਦਾ ਰਸਤਾ ਹੈ। ਫਰੋਲਤਾਰੀ ਜਮਾਤ ਦੀ ਅਗਵਾਈ ਵਿਚ, ਸਾਰੇ ਸ਼ੋਸ਼ਕ-ਪੀੜਤ ਤਬਕਿਆਂ ਨੂੰ ਆਪਣੇ ਨਾਲ ਜੋੜਦੇ ਹੋਏ, ਹਿਰਾਵਲ ਕਮਿਊਨਿਟ ਪਾਰਟੀ ਦੀ ਪ੍ਰਧਾਨਗੀ ਵਿਚ ਪ੍ਰੋਲਤਾਰੀ ਇਨਕਲਾਬ ਲਈ ਨੌਜਵਾਨਾਂ ਨੂੰ ਸੰਗਠਤ ਕਰਨਾ ਹੋਵੇਗਾ। ਉਨ੍ਹਾਂ ਨੂੰ ਪ੍ਰੋਲਤਾਰੀ ਇਨਕਲਾਬ ਦੇ ਸਿਧਾਂਤ, ਮਾਰਕਸਵਾਦ-ਲੇਨਿਨਵਾਦ ਨਾਲ ਲੈਣ ਕਰਨਾ ਪਵੇਗਾ।

ਸਾਨੂੰ ਇਸ ਤਰ੍ਹਾਂ ਦੇ ਸਮਾਜ ਲਈ ਸੰਘਰਸ਼ ਕਰਨਾ ਪਵੇਗਾ ਜਿੱਥੇ ਅਰਥਵਿਵਸਥਾ ਨੂੰ ਪੂਰੇ ਸਮਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਦਿਸ਼ਾ ਵਿਚ ਚਲਾਇਆ ਜਾਵੇਗਾ ਨਾ ਕਿ ਕੁੱਝ ਪੂੰਜੀਪਤੀਆਂ ਦੀਆਂ ਜੇਬਾਂ ਭਰਨ ਲਈ। ਜਿੱਥੇ ਉਤਪਾਦਨ ਦੇ ਸਾਧਨਾਂ ਦਾ ਮਾਲਿਕ ਪ੍ਰੋਲਤਾਰੀ ਜਮਾਤ ਦੀ ਅਗਵਾਈ ਵਿਚ ਪੂਰਾ ਸਮਾਜ ਹੋਵੇਗਾ, ਨਾ ਕਿ ਕੁੱਝ ਗਿਣੇ ਚੁਣੇ ਨਿੱਜੀ ਪੂੰਜੀਪਤੀ। ਜਿਥੇ ਸੱਤਾ ਕਿਰਤੀ ਵਰਗ ਦੇ ਹੱਥ ਵਿਚ ਹੋਵੇਗੀ, ਆਪਣੇ ਨੁਮਾਇੰਦਿਆਂ ਨੂੰ ਚੁਨਣ, ਚੁਣੇ ਗਏ ਪ੍ਰਤੀਨਿਧੀਆਂ ਨੂੰ ਜਵਾਬਦੇਹ ਬਣਾਉਣ ਅਤੇ ਉਨ੍ਹਾਂਨੂੰ ਵਾਪਿਸ ਬੁਲਾਉਣ ਦਾ ਹੱਕ ਹੋਵੇਗਾ, ਨੀਤੀਗਤ ਫੈਸਲੇ ਲੈਣ, ਕਾਨੂੰਨ ਪ੍ਰਸਤਾਵਿਤ ਕਰਨ ਦਾ ਹੱਕ ਲੋਕਾਂ ਦੇ ਹੱਥ ਵਿਚ ਹੋਵੇਗਾ। ਇਸ ਰੌਸ਼ਨ ਭਵਿੱਖ ਨੂੰ ਲਿਆਉਣ ਲਈ ਅੱਜ ਨੌਜਵਾਨਾਂ ਨੂੰ ਪੂੰਜੀਪਤੀਆਂ ਅਤੇ ਉਨ੍ਹਾਂ ਦੀ ਰਾਜ ਵਿਵਸਥਾ ਨਾਲ ਸਿੱਧੀ ਟੱਕਰ ਲੈਣੀ ਪਵੇਗੀ, ਇਹੀ ਅੱਜ ਸਾਡੇ ਸਮਾਜ ਸਾਹਣੇ ਚੁਣੌਤੀ ਹੈ।

**ਪ੍ਰੋਲਤਾਰੀਅਨ ਇਨਕਲਾਬ ਹੀ ਸ਼ਹੀਦਾਂ ਦੇ ਸੁਪਨਿਆਂ ਨੂੰ ਸਕਾਰ ਕਰਨ ਦਾ ਰਸਤਾ ਹੈ।**

**ਸੰਗਠਤ ਹੋਵੋ, ਹੁਕਮਰਾਨ ਬਣੋ ਅਤੇ ਸਮਾਜ ਨੂੰ ਬਦਲ ਦੇਵੋ!**

## ਰੇਲ ਬੱਜਟ...

ਸਫਾ 2 ਦੀ ਬਾਕੀ

ਹੈ ਕਿ ਧਨ ਦੀ ਵਿਵਸਥਾ ਕਰਨ ਲਈ ਇੱਕ ਇਸ ਤਰ੍ਹਾਂ ਦੀ ਨਿਯੰਤਰਕ ਕੰਪਨੀ ਬਾਰੇ ਸੋਚਿਆ ਜਾ ਰਿਹਾ ਹੈ ਜਿਸ ਦੇ ਸ਼ੇਅਰਾਂ ਦਾ ਲੈਣ-ਦੇਣ ਨਿੱਜੀ ਤੌਰ ’ਤੇ ਹੋਵੇਗਾ। ਇਹ ਵੀ ਐਲਾਨ ਕੀਤਾ ਗਿਆ ਹੈ ਕਿ “ਵਿਦੇਸ਼ੀ ਸ੍ਰੋਤਾਂ ਤੋਂ” ਅਤੇ “ਬਹੁਪੱਖੀ ਅਤੇ ਦੋ-ਪੱਖੀ ਵਿੱਤੀ ਸੰਸਥਾਨਾਂ” ਨਾਲ ਧਨ ਲਿਆਂਦਾ ਜਾਵੇਗਾ। ਪਰ ਇਹ ਤਾਂ ਕਹਿਣ ਦੀ ਜ਼ਰੂਰਤ ਹੀ ਨਹੀਂ ਹੈ ਕਿ ਇਨ੍ਹਾਂ ਸੱਭ ਸ੍ਰੋਤਾਂ ਨਾਲ ਤਦ ਹੀ ਧਨ ਮਿਲੇਗਾ।

ਇੱਕ ਲੋਕ-ਕੇਂਦਰਿਕ ਸਮਾਜ ਵਿਚ, ਜਿੱਥੇ ਅਰਥਵਿਵਸਥਾ ਦੀ ਦਿਸ਼ਾ ਮਿਹਨਤਕਸ਼ ਲੋਕਾਂ ਅਤੇ ਜਨਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੋਵੇਗੀ, ਤਦ ਰੇਲਵੇ ਨੂੰ ਰਾਜ ਦੇ ਇੱਕ ਸਮਾਜਿਕ ਨਿਵੇਸ਼ ਦੇ ਰੂਪ ਵਿਚ ਦੇਖਿਆ ਜਾਵੇਗਾ। ਇੱਕ ਇਸ ਤਰ੍ਹਾਂ ਦੀ ਅਰਥਵਿਵਸਥਾ ਵਿਚ ਰੇਲਵੇ ਦਾ ਵਿਕਾਸ ਲੋਕਾਂ ਦੀ ਯਾਤਰਾ ਅਤੇ ਜ਼ਰੂਰੀ ਚੀਜ਼ਾਂ ਅਤੇ ਉਦਯੋਗਾਂ ਲਈ ਕੱਚੇ ਮਾਲ ਦੀ ਢੋਆ-ਢੁਆਈ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕੀਤਾ ਜਾਵੇਗਾ। ਪਰ ਰੇਲ ਮੰਤਰੀ ਵੱਲੋਂ ਦੱਸੇ ਬੱਜਟ ਦੇ ਟੀਚੇ ਅਤੇ ਨੀਤੀਗਤ ਕਦਮ ਇਹ ਸਾਫ ਦਿਖਾਉਂਦੇ ਹਨ ਕਿ ਹੋਰ ਸਮਾਜਿਕ ਉਦਯੋਗਾਂ ਦੀ ਤਰ੍ਹਾਂ ਰੇਲਵੇ ਨੂੰ ਵੀ ਨਿੱਜੀ ਪੂੰਜੀ ਲਈ ਜ਼ਿਆਦਾ ਮੁਨਾਫਾ ਬਣਾਉਣ ਦੇ ਪੂੰਜੀ ਕੇਂਦਰਿਕ ਨਜ਼ਰੀਏ ਨਾਲ ਹੀ ਦੇਖਿਆ ਜਾ ਰਿਹਾ ਹੈ।

ਰੇਲਵੇ ਦੇ ਨਿੱਜੀਕਰਣ ਨੂੰ ਤੇਜ਼ ਗਤੀ ਨਾਲ ਕਰਨ ਲਈ ਇੱਕ ਦੇ ਬਾਅਦ ਇੱਕ ਸਰਕਾਰਾਂ ਅਤੇ ਰੇਲ ਮੰਤਰੀਆਂ ਨੇ ਸੰਚਾਲਨ ਦਾ ਵਧਦਾ ਹੋਇਆ ਹਿੱਸਾ ਨਿੱਜੀ ਪੂੰਜੀਪਤੀਆਂ ਦੇ ਹਵਾਲੇ ਕੀਤਾ ਹੈ। ਇਸ ਵਿਚ ਸਟੇਸ਼ਨਾਂ ਦੇ ਰਖ-ਰਖਾਅ, ਖਾਣ ਪੀਣ ਦੀ ਸੇਵਾ, ਪਟੜੀਆਂ ਅਤੇ ਡੱਬਿਆਂ ਦਾ ਰੱਖ-ਰਖਾਅ, ਆਦਿ ਸ਼ਾਮਿਲ ਹੈ। ਇਹ ਘੱਟ ਪੂੰਜੀ ਅਤੇ ਜ਼ਿਆਦਾ ਮਿਹਨਤ ’ਤੇ ਅਧਾਰਤ ਕੰਮ ਹੈ ਜਿੱਥੇ ਨਿੱਜੀ ਸਹਿਯੋਗ ਅਸਾਨੀ ਨਾਲ ਲਿਆ ਜਾ ਸਕਦਾ ਹੈ।

2010 ਵਿਚ ਇੱਕ ਨਿੱਜੀ ਮਾਲ ਟਰਮੀਨਲ ਦੀ ਨੀਤੀ ਜਾਰੀ ਕੀਤੀ ਗਈ ਸੀ ਜਿਸ ਵਿਚ ਨਿਜੀ ਮਾਲ ਟਰਮਿਨਲਾਂ ਦੇ ਬਣਾਉਣ ਅਤੇ ਚਲਾਉਣ ਵਿਚ ਨਿੱਜੀ ਸਹਿਯੋਗ ਨੂੰ ਉਤਸ਼ਾਹ ਦਿੱਤਾ ਗਿਆ ਸੀ। ਇਸ ਤਰ੍ਹਾਂ ਦੇ ਕੰਮ ਲਈ ਜ਼ਿਆਦਾ ਪੂੰਜੀ ਦੀ ਜ਼ਰੂਰਤ ਹੁੰਦੀ ਹੈ ਅਤੇ ਮੁਨਾਫਾ ਬਣਨ ਵਿਚ ਜ਼ਿਆਦਾ ਸਮਾਂ ਲੱਗਦਾ ਹੈ। ਇਸ ਲਈ ਇਸ ਦੇ ਤਹਿਤ ਯੋਜਨਾ ਅਨੁਸਾਰ ਨਿੱਜੀ ਪੂੰਜੀ ਨਿਵੇਸ਼ ਨਹੀਂ ਹੋਇਆ। ਇਸ ਨੀਤੀ ਵਿਚ ਸੋਧ ਕਰਕੇ 2012 ਵਿਚ ਇੱਕ ਨਵੀਂ ਨੀਤੀ ਲਿਆਂਦੀ ਗਈ। ਫਿਰ ਵੀ ਇਸ ਵਿਚ ਕੁੱਝ ਦਿਲਚਸਪੀ ਨਹੀਂ ਦਿਖਾਈ ਗਈ। ਹੁਣ, ਮੌਜੂਦਾ ਰੇਲ ਮੰਤਰੀ ਨੇ ਬੱਜਟ ਵਿਚ ਸਰਮਾਏਦਾਰਾਂ ਨੂੰ ਭਰੋਸਾ ਦਿੱਤਾ ਹੈ ਕਿ ਇੱਕ ਹੋਰ ਨੀਤੀ ਲਿਆਂਦੀ ਜਾਵੇਗੀ ਜੋ ਹੋਰ ਵੀ ਉਤਸ਼ਾਹ ਦੇਣ ਵਾਲੀ ਹੋਵੇਗੀ। ਉਦਾਹਰਣ ਲਈ, ਟਰਮਿਨਲਾਂ ਨੂੰ ਸ਼ੁਰੂ ਕਰਨ ਲਈ ਮਾਮੂਲੀ ਲਾਇਸੰਸ ਫੀਸ ’ਤੇ ਰੇਲਵੇ ਦੀ ਜ਼ਮੀਨ ਉਪਲੱਬਧ ਕਰਵਾਉਣ ਦਾ ਲਾਲਚ।

ਪ੍ਰਤੱਖ ਵਿਦੇਸ਼ੀ ਵਿਨੇਸ਼ (ਐਫ.ਡੀ.ਆਈ.) ਦੇ ਰਸਤੇ ਰਲੇਵੇ ਸੰਚਾਲਨ ਦਾ ਹੋਰ ਵੀ ਨਿੱਜੀਕਰਣ ਕਰਨ ਲਈ, ਰੇਲਮੰਤਰੀ ਨੇ ਬਿਹਾਰ ਦੇ ਮਧੇਪੁਰਾ ਅਤੇ ਮਰਹੋਰਾ ਵਿਚ ਐਫ.ਡੀ.ਆਈ. ਨਾਲ ਬਿਜਲੀ ਅਤੇ ਡੀਜ਼ਲ ਇੰਜਨ ਬਣਾਉਣ ਦੇ ਦੋ ਕਾਰਖਾਨੇ ਖੋਲ੍ਹਣ ਦੀ ਇਜਾਜ਼ਤ ਦਿੱਤੀ ਹੈ ਜਿਨ੍ਹਾਂ ਦੀ ਲਾਗਤ 2400 ਕਰੋੜ ਰੁਪਏ ਹੋਵੇਗੀ। ਇਨ੍ਹਾਂ ਪਰਿਯੋਜਨਾਵਾਂ ਲਈ ਜਨਰਲ ਇਲੈਕਟ੍ਰਿਕ, ਆਲਸਟੋਮ, ਸੀਮੇਂਸ, ਬੋਂਬਾਰਡਿਯਰ ਅਤੇ ਈ.ਐਮ.ਡੀ. ਵਰਗੀਆਂ ਬਹੁਰਾਸ਼ਟਰੀ ਕੰਪਨੀਆਂ ਬੋਲੀ ਲਗਾ ਰਹੀਆਂ ਹਨ। ਸਰਕਾਰ ਵੱਲੋਂ ਰੇਲਵੇ ਵਿਚ 100 ਫੀਸਦੀ ਐਫ.ਡੀ.ਆਈ. ਦੀ ਇਜਾਜ਼ਤ ਦੇ ਨਾਲ ਇਸ ਤਰ੍ਹਾਂ ਲੱਗਦਾ ਹੈ ਕਿ ਭਾਰਤੀ ਰੇਲ ਦੀ ਭਵਿੱਖ ਦੀ ਹਰ ਡੀਜ਼ਲ ਅਤੇ ਬਿਜਲੀ ਨਾਲ ਚੱਲਣ ਵਾਲੇ ਇੰਜਣ ਦੀ ਜ਼ਰੂਰਤ ਇਨ੍ਹਾਂ ਕਾਰਖਾਨਿਆਂ ਨਾਲ ਪੂਰੀ ਕੀਤੀ ਜਾਵੇਗੀ ਜੋ ਵਿਦੇਸ਼ੀ ਟੈਕਨਾਲਜੀ ਨਾਲ ਬਣਾਏ ਜਾਣਗੇ। ਯਾਨੀ ਕਿ ਹੁਣ ਤੱਕ ਇਸਤੇਮਾਲ ਕੀਤੇ ਜਾ ਰਹੇ ਦੇਸ਼ ਵਿਚ ਬਣੇ ਇੰਜਨਾਂ ਦੀ ਜਗ੍ਹਾ ਹੁਣ ਨਵੇਂ ਕਾਰਖਾਨਿਆਂ ਵਿਚ ਬਣੇ ਇੰਜਨ ਇਸਤੇਮਾਲ ਹੋਣਗੇ। ਇਹ ਗੱਲ ਧਿਆਨ ਵਿਚ ਰੱਖਣਯੋਗ ਹੈ ਕਿ ਮੁੱਢਲੇ ਪ੍ਰਸਤਾਵਾਂ ਵਿਚ ਕਈ ਵਾਰ ਸੋਧ ਕੀਤੇ ਗਏ ਤਾਂ ਕਿ ਇਨ੍ਹਾਂ ਇਜਾਰੇਦਾਰਾਂ ਲਈ ਹਿੰਦੁਸਤਾਨ ਵਿਚ ਨਿਵੇਸ਼ ਕਰਨਾ ‘ਲੁਭਾਵਨਾ’ ਹੋ ਸਕੇ। ਇਸੇ ਤਰ੍ਹਾਂ ਇਹ ਵੀ ਸੰਭਾਵਨਾ ਹੈ ਕਿ ਇਨ੍ਹਾਂ ਕੰਪਨੀਆਂ ਦੇ ਹਿੰਦੁਸਤਾਨੀ ਨਿਵੇਸ਼ ’ਤੇ ਮੁਨਾਫਾ ਵਧਾਉਣ ਲਈ ਹੋਰ ਵੀ ਰਿਆਇਤਾਂ ਮੰਗੀਆਂ ਜਾਣਗੀਆਂ ਅਤੇ ਦਿੱਤੀਆਂ ਜਾਣਗੀਆਂ। ਕਿਰਤ ਕਾਨੂੰਨਾਂ ਨੂੰ ਨਰਮ ਬਣਾਉਣਾ ਪੂੰਜੀਪਤੀਆਂ ਦੀ ਮੰਗ ਰਹੀ ਹੈ ਅਤੇ ਮੋਦੀ ਸਰਕਾਰ ਵੀ ਇਸ ਤਰ੍ਹਾਂ ਦੀ ਕੋਸ਼ਿਸ਼ ਕਰਦੀ ਆਈ ਹੈ।

ਮਜ਼ਦੂਰ ਏਕਤਾ ਲਹਿਰ, ਭਾਰਤੀ ਰੇਲਵੇ ਦੇ ਮਜ਼ਦੂਰਾਂ ਅਤੇ ਸਾਰੇ ਮਿਹਨਤਕਸ਼ ਲੋਕਾਂ ਨੂੰ ਸੱਦਾ ਦਿੰਦਾ ਹੈ ਕਿ ਏਕਤਾਬੱਧ ਤਰੀਕੇ ਨਾਲ ਭਾਰਤੀ ਰੇਲਵੇ ਦੇ ਨਿੱਜੀਕਰਣ ਦੇ ਇਨ੍ਹਾਂ ਕਦਮਾਂ ਦਾ ਵਿਰੋਧ ਕਰੋ। ■